# ਅੰਮ੍ਰਿਤ ਕੀਰਤਨ
# Amrit Kirtan

ਮਾਰਚ 2007



ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

# ਅੰਮ੍ਰਿਤ ਕੀਰਤਨ

ਸੰਗੀਤ ਅਤੇ ਕੀਰਤਨ ਸਬੰਧੀ ਤ੍ਰੈਭਾਸ਼ੀ ਮਾਸਿਕ ਪੱਤਰ

ਅੰਕ 3 ◆ ਸਾਲ ਉਨ੍ਹੀਵਾਂ ◆ ਮਾਰਚ 2007



ਸੰਪਾਦਕ (ਆਨਰੇਰੀ)

**ਡਾ. ਜਾਗੀਰ ਸਿੰਘ**

ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀ.ਐਚ.ਡੀ

ਸਹਾਇਕ ਸੰਪਾਦਕ (ਆਨਰੇਰੀ)

**ਡਾ. ਗੁਰਮੀਤ ਸਿੰਘ ਬੇਦਵਾਣ**, ਐਮ.ਏ., ਪੀ.ਐਚ.ਡੀ

ਸਹਿਯੋਗੀ

**ਸ. ਹਰਭਜਨ ਸਿੰਘ ▲ ਸ. ਉੱਤਮ ਸਿੰਘ**



- ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
- 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: 4.8.90 ਮਿਤੀ 20.2.91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।
- Donations are eligible for relief u/s 80 G of Income-Tax Act, 1961 (43 of 1961) vide CIT/CHD/Tech./04-05/375 dated 30.04.2004/ 05.05.2004 valid upto 31.03.2007



**ਚੰਦੇ ਦਾ ਵੇਰਵਾ**

- **ਦੇਸ਼:** ਇਕ ਕਾਪੀ 15 ਰੁ., ਸਲਾਨਾ 150 ਰੁ. ਜੀਵਨ ਮੈਂਬਰ 1500 ਰੁ.
- **ਵਿਦੇਸ਼:** ਸਲਾਨਾ 30 $, ਜੀਵਨ ਮੈਂਬਰ 300 $
- 'ਅੰਮ੍ਰਿਤ ਕੀਰਤਨ' ਲਈ ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ।



**ਚਿੱਠੀ ਪੱਤਰ ਲਈ ਪਤਾ**

ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)

422, ਸੈਕਟਰ 15-ਏ, ਚੰਡੀਗੜ੍ਹ 160 015

**ਰਚਨਾਵਾਂ ਭੇਜਣ ਲਈ ਪਤਾ**

ਸੰਪਾਦਕ, 'ਅੰਮ੍ਰਿਤ ਕੀਰਤਨ'

422, ਸੈਕਟਰ 15-ਏ, ਚੰਡੀਗੜ੍ਹ 160 015

**ਫੋਨ** : 0172-2772660, 098140 53630

e-mail: drjagirsingh@gmail.com



| | |
|---|---|
| **ਮਿਤ੍ਰ ਅਸਾਡੜੇ ਸੇਈ**<br>*ਪਾਠਕਾਂ ਦੇ ਪੱਤਰ* | 2 |
| **ਕਰਉ ਬੇਨੰਤੀਆ**<br>*ਸੰਪਾਦਕੀ* | 3 |
| **ਗੁਰੂ ਨਾਨਕ ਬਾਣੀ ਵਿਚ ਸੰਗੀਤ**<br>*ਡਾ. ਜਾਗੀਰ ਸਿੰਘ* | 4 |
| **ਗੁਰਮਤਿ ਸੰਗੀਤ**<br>*ਹਰ ਕਿਸ਼ਨ ਸਿੰਘ ਧੂਪੀਆ* | 11 |
| **ਵਿਸਰ ਰਹੀ ਗੁਰਮਤਿ ਮਰਯਾਦਾ**<br>*ਕਰਤਾਰ ਸਿੰਘ ਨੀਲਧਾਰੀ* | 14 |
| **ਤਬਲੇ ਦੀ ਮਾਹਿਰ - ਬੀਬੀ ਗੁਰਹਰਮਿੰਦਰ ਕੌਰ 'ਗੁਰਮੀਤ'**<br>*ਜਸਜੀਤ ਸਿੰਘ* | 17 |
| **ਵਿਸ਼ਵ ਸੰਗੀਤਕਾਰ** | 18 |
| **A Talent for Gurbani**<br>*Sarbani Sen* | 19 |
| **Gurbani Music at Centeninal of Fifth Guru**<br>*Dr. Mohinder Singh* | 20 |
| **ਸੁਰ ਲਿਪੀ**<br>*ਹਰਦੀਪ ਕੌਰ* | 22 |
| **ਸੁਰ ਲਿਪੀ ਵਾਲੇ ਸ਼ਬਦ ਦੇ ਅਰਥ**<br>*ਹਰਦੀਪ ਕੌਰ* | 24 |



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼, ਐਸ. ਸੀ. ਐਫ. 107, ਫੇਜ਼-7, ਮੁਹਾਲੀ ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।



COMPUTER TYPE SETTING

sohal specials

Designers & Printers

Phone: 98145 25351

# ਮਿਤ੍ਰ ਅਸਾਡੜੇ ਸੇਈ

♦ ਗੁਰਮੁਖ ਪਿਆਰੇ ਸ. ਸਾਹਿਬ ਸ. ਹਰਕਿਸ਼ਨ ਸਿੰਘ ਧੂਪੀਆ ਜੀ ਦੇ ਅਕਾਲ ਚਲਾਣੇ ਦੀ ਖ਼ਬਰ 10-2-07 ਨੂੰ ਸਵੇਰੇ 7-30 ਵਜੇ ਡਾ. ਜਾਗੀਰ ਸਿੰਘ ਜੀ ਨੇ ਦਿੱਤੀ। ਸੁਣ ਕੇ ਬਹੁਤ ਹੀ ਦੁੱਖ ਹੋਇਆ।

ਉਸੇ ਵਕਤ ਸ. ਸਾਹਿਬ ਦੀਆਂ ਯਾਦਾਂ ਵਿਚ ਮਨ ਖੋ ਗਿਆ। ਉਨ੍ਹਾਂ ਦੀ ਗੁਰਮਤਿ ਸੰਗੀਤ, ਕੀਰਤਨ ਪਰੰਪਰਾ ਲਈ ਕੀਤੀਆਂ ਮਹਾਨ ਸੇਵਾਵਾਂ ਵਾਰ-ਵਾਰ ਚੇਤੇ ਆਉਣ ਲੱਗੀਆਂ। ਤੇ ਸੋਚਣ ਲੱਗਾ ਕਿ ਉਨ੍ਹਾਂ ਵਲੋਂ ਆਰੰਭ ਕੀਤੇ ਮਹਾਨ ਕਾਰਜ ਦਾ ਹੁਣ ਕੀ ਬਣੇਗਾ?

ਸ. ਹਰਕਿਸ਼ਨ ਸਿੰਘ ਜੀ ਨੇ ਪੁਰਾਤਨ ਕੀਰਤਨ ਪਰੰਪਰਾ ਨੂੰ ਅਧੁਨਿਕ ਢੰਗ ਨਾਲ ਸੰਭਾਲਣ ਲਈ ਮਹਾਨ ਕਾਰਜ ਕੀਤੇ। ਵੱਡੀ ਉਮਰ ਵਿਚ ਵੀ ਆਪ ਜੀ ਲਗਾਤਾਰ 7-8 ਘੰਟੇ ਬੈਠ ਕੇ ਅਣਥੱਕ ਮਿਹਨਤ ਕਰਕੇ ਇਸ ਕਾਰਜ ਨੂੰ ਪੂਰਾ ਕਰਦੇ ਰਹੇ। ਆਪ ਜੀ ਦੀ ਦਿਲੀ ਇੱਛਾ ਸੀ ਕਿ ਸੰਗਤਾਂ ਤੱਕ ਸ਼ੁੱਧ ਤੇ ਸਹੀ ਪ੍ਰੰਪਰਾਗਤ ਕੀਰਤਨ ਪਹੁੰਚਾਇਆ ਜਾਵੇ। ਤਾਂ ਹੀ ਅਜੋਕੇ ਸਮੇਂ ਦੇ ਫਿਲਮੀ ਧੁਨਾਂ 'ਤੇ ਹੋ ਰਹੇ ਕੀਰਤਨ ਸੁਣਨ ਤੋਂ ਸੰਗਤਾਂ ਨੂੰ ਸੁਚੇਤ ਕੀਤਾ ਜਾ ਸਕੇਗਾ।

ਇਸ ਮਹਾਨ ਕਾਰਜ ਲਈ ਧੂਪੀਆ ਸਾਹਿਬ ਨੇ ਬੜੀਆਂ ਹੀ ਪੁਰਾਣੀਆਂ ਰਿਕਾਰਡਿੰਗਾਂ ਦੀ ਭਾਲ ਕੀਤੀ। ਪੁਰਾਤਨ ਪ੍ਰਸਿੱਧ ਕੀਰਤਨੀਆਂ ਦੇ ਗਾਇਨ ਕੀਤੇ ਸ਼ਬਦ ਕੀਰਤਨ ਦੇ ਸਪੂਲ, ਤਵੇ, ਕੈਸਟਾਂ ਅਤੇ ਆਡਿਓ ਸਟੇਸ਼ਨਾਂ ਤੇ ਪਈ ਦੁਰਲੱਭ ਰਿਕਾਰਡਿੰਗ ਜੋ 1935 ਵੇਲੇ ਦੀ ਹੈ ਉਹ ਇਕੱਤਰ ਕੀਤੀ।

ਇਸ ਦੁਰਲੱਭ ਰਿਕਾਰਡਿੰਗ ਤੋਂ ਐਮ.ਪੀ.-3 ਸੀ.ਡੀ. ਤਿਆਰ ਕਰਕੇ ਸੰਗਤਾਂ ਤੱਕ ਪਹੁੰਚਾਈਆਂ। ਸ. ਹਰਕਿਸ਼ਨ ਸਿੰਘ ਜੀ ਨੇ ਸਾਰੀ ਉਮਰ ਆਲ ਇੰਡੀਆ ਰੇਡੀਓ ਵਿਖੇ ਸਰਵਿਸ ਕੀਤੀ ਤੇ 1987 ਵਿਚ ਬਤੌਰ ਡਾਇਰੈਕਟਰ ਸੇਵਾ ਮੁਕਤ ਹੋਏ। ਮਹਾਨ ਸੇਵਾ ਸਦਕਾ ਆਪ ਜੀ ਨੂੰ ਦੇਸ਼ ਦੇ ਰਾਸ਼ਟਰਪਤੀ ਜੀ ਵਲੋਂ ਸਨਮਾਨਿਤ ਵੀ ਕੀਤਾ ਗਿਆ।

ਰਿਟਾਇਰਮੈਂਟ ਤੋਂ ਬਾਅਦ ਧੂਪੀਆ ਸਾਹਿਬ ਸੇਵਾ ਸਿਮਰਨ, ਧਰਮ ਕਾਰਜਾਂ, ਸਮਾਜ ਸੇਵੀ ਸੇਵਾਵਾਂ ਵਿਚ ਹੀ ਮਗਨ ਰਹਿੰਦੇ ਸਨ। ਗੁ: ਬੜੂ ਸਾਹਿਬ ਦੀ ਸਥਾਪਤੀ ਵਿਚ ਆਪ ਜੀ ਨੇ ਭਾਰੀ ਯੋਗਦਾਨ ਪਾਇਆ। ਕਈ ਸਾਲ ਹਰ ਤਰ੍ਹਾਂ ਦੀ ਸੇਵਾ ਕਰਕੇ ਸੰਸਥਾ ਨੂੰ ਬੁਲੰਦੀਆਂ 'ਤੇ ਪਹੁੰਚਾਇਆ। ਆਪਜੀ ਬੜੂ ਸਾਹਿਬ ਦੇ ਮੋਢੀ ਪ੍ਰਬੰਧਕਾਂ ਵਿਚੋਂ ਸਨ।

ਕੀਰਤਨ ਪ੍ਰੰਪਰਾ ਦੀ ਸੰਭਾਲ ਲਈ ਆਪ ਜੀ ਨੇ ਨਿੱਗਰ ਉਪਰਾਲੇ ਕੀਤੇ। ਜ਼ਿਲ੍ਹੇ ਵਾਰ ਏਰੀਆ ਆਰਗੇਨਾਈਜ਼ਰ ਥਾਪ ਕੇ ਹਰ ਮਹੀਨੇ ਮੁਫ਼ਤ ਸੀ.ਡੀ.ਜ਼ ਭੇਜਦੇ ਸਨ। ਹੁਣ ਤੱਕ ਆਪ ਜੀ ਪੰਥ ਪ੍ਰਸਿੱਧ ਕੀਰਤਨੀਏ ਭਾਈ ਸੰਤਾ ਸਿੰਘ ਜੀ, ਭਾਈ ਸਮੁੰਦ ਸਿੰਘ ਜੀ, ਭਾਈ ਬਖਸ਼ੀਸ਼ ਸਿੰਘ ਜੀ, ਭਾਈ ਤਖਤ ਸਿੰਘ ਆਦਿ ਕੀਰਤਨੀਆਂ ਦੀ ਸਾਰੀ ਦੁਰਲੱਭ ਰਿਕਾਰਡਿੰਗ ਦੀਆਂ ਕਈ ਸੀ.ਡੀਜ. ਬਣਾ ਕੇ ਭੇਜ ਚੁੱਕੇ ਹਨ। ਪਰ ਹਾਲੇ ਧੂਪੀਆ ਸਾਹਿਬ ਨੇ ਕੀਰਤਨ ਸੰਭਾਲ ਲਈ ਬਹੁਤ ਕੁਝ ਕਰਨਾ ਸੀ। ਉਨ੍ਹਾਂ ਦੇ ਬੜੇ ਉੱਚੇ ਖਿਆਲ ਸਨ। ਪਰ "ਕੇਲ ਕਰੇਂਦੇ ਹੰਝ ਨੋ ਅਚਿੰਤੇ ਬਾਜ ਪਏ"। ਇਹਨਾਂ ਦੇ ਚਲੇ ਜਾਣ ਨਾਲ ਕੀਰਤਨ ਪ੍ਰੇਮੀ ਸੰਗਤਾਂ ਨੂੰ ਬਹੁਤ ਵੱਡਾ ਘਾਟਾ ਪਿਆ ਹੈ। ਉਨ੍ਹਾਂ ਦੇ ਸਹਿਯੋਗੀਆਂ ਨੂੰ ਪੁਰਜ਼ੋਰ ਬੇਨਤੀ ਹੈ ਕਿ ਧੂਪੀਆ ਸਾਹਿਬ ਦੇ ਰਹਿੰਦੇ ਅਧੂਰੇ ਕਾਰਜ ਨੂੰ ਪੂਰਾ ਕਰਨ ਦਾ ਉੱਦਮ ਕਰਨ। ਇਹੋ ਹੀ ਸ. ਹਰਕਿਸ਼ਨ ਸਿੰਘ ਧੂਪੀਆ ਜੀ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।

*- ਭਾਈ ਅਵਤਾਰ ਸਿੰਘ 'ਹੰਸ', ਸੰਗਰੂਰ*

♦ ਫਰਵਰੀ ਅੰਕ ਬੇਹੱਦ ਪਸੰਦ ਆਇਆ। ਗੁਰਦੁਆਰਾ ਸਹਿਬ ਸਟਾਕਟਨ ਬਾਰੇ ਜਾਣਕਾਰੀ, ਮਹਾਨ ਸੰਗੀਤਕਾਰ ਵਿਦਵਾਨ ਸੰਗੀਤ ਦੇ ਖ਼ਜ਼ਾਨੇ ਦੇ ਸੰਭਾਲਕ ਰਾਗੀ ਭਾਈ ਗੁਰਚਰਨ ਸਿੰਘ ਕੰਵਲ ਜੀ ਬਾਰੇ, ਡਾ. ਗੁਰਨਾਮ ਸਿੰਘ ਵਲੋਂ ਗੁਰਮਤਿ ਸੰਗੀਤ ਦੀ ਸਥਾਪਨਾ ਗੁਰੂ ਅਰਜਨ ਦੇਵ ਜੀ ਦੇ ਯੋਗਦਾਨ ਦੇ ਸੰਦਰਭ ਵਿਚ ਲੇਖ, ਰਾਗ ਵਿਵਰਨ-ਰਾਗ ਸੂਹੀ ਬਾਰੇ ਵੱਲੋਂ ਕਰਤਾਰ ਸਿੰਘ, ਕੀਰਤਨ ਬਾਰੇ ਲੇਖ ਵਲੋਂ ਡਾ. ਰਤਨ ਸਿੰਘ ਜੱਗੀ, ਬੀਬੀ ਸਤਿਨਾਮ ਕੌਰ ਬਾਰੇ ਲੇਖ, ਕਾਵਿ ਅਤੇ ਸੰਗੀਤ ਅੰਤਰ ਸਬੰਧ ਲੇਖ ਵਲੋਂ ਡੇਜ਼ੀ ਵਾਲੀਆ ਆਦਿਕ ਲੇਖ ਬਹੁਤ ਹੀ ਖੋਜ ਭਰਪੂਰ ਸਨ।

*- ਪ੍ਰੋ: ਮੰਗਤ ਸਿੰਘ ਮਸਤਾਨਾ, ਮਲੋਟ*

# ਗੁਰਮਤਿ ਸੰਗੀਤ ਦੇ ਅਨਿੰਨ ਪ੍ਰੇਮੀ
# ਡਾ. ਤੇਜਪਾਲ ਸਿੰਘ ਚਾਵਲਾ

ਪਿਛਲੇ ਦਿਨੀਂ ਬੜੇ ਸੁੰਦਰ ਰੂਪ ਵਿਚ ਛਾਪਿਆ ਗਿਆ ਇਕ ਕਿਤਾਬਚਾ ਪ੍ਰਾਪਤ ਹੋਇਆ। ਇਹ ਕਿਤਾਬਚਾ ਮੁੱਖ ਰੂਪ ਵਿਚ ਗੁਰੂ ਗ੍ਰੰਥ ਸਾਹਿਬ ਨੂੰ ਸਮਰਪਿਤ ਹੈ। ਇਹ ਡਾਕਟਰ ਤੇਜਪਾਲ ਸਿੰਘ ਚਾਵਲਾ ਹੋਰਾਂ ਲਿਖਿਆ ਅਤੇ ਪ੍ਰਕਾਸ਼ਿਤ ਕੀਤਾ ਹੈ। ਡਾ. ਚਾਵਲਾ ਪੇਸ਼ੇ ਵਜੋਂ ਡਾਕਟਰ ਹਨ। ਲਗਭਗ 50 ਸਾਲ ਉਹ ਅੰਮ੍ਰਿਤਸਰ ਵਿਖੇ ਡਾਕਟਰੀ ਕਰਦੇ ਰਹੇ ਹਨ। ਵਧੀਆ ਸੇਵਾ ਕਾਰਨ ਉਹਨਾਂ ਨੂੰ ਬੜੇ ਐਵਾਰਡ ਪ੍ਰਾਪਤ ਹੋਏ ਹਨ। ਹੁਣ ਉਹ ਆਪਣੀ ਪਤਨੀ ਸ੍ਰੀਮਤੀ ਹਰਬੰਸ ਕੌਰ ਜੀ ਨਾਲ ਚੰਡੀਗੜ੍ਹ ਕੋਠੀ ਨੰ: 158, ਸੈਕਟਰ 11-ਏ, (ਫੋਨ ਨੰ: 0172-2747844) ਵਿਚ ਰਹਿ ਰਹੇ ਹਨ। ਇਥੇ ਉਹ ਜਿਥੇ ਸਾਹਿਤ, ਕਲਾ ਅਤੇ ਸਮਾਜਕ ਗਤੀਵਿਧੀਆਂ ਵਿਚ ਵਧ ਚੜ੍ਹ ਕੇ ਹਿੱਸਾ ਲੈਂਦੇ ਹਨ, ਇਸ ਦੇ ਨਾਲ ਨਾਲ ਉਹ ਗੁਰਮਤਿ ਸੰਗੀਤ ਪ੍ਰਤੀ ਵੀ ਪ੍ਰਬਲ ਰੁਚੀ ਰੱਖਦੇ ਹਨ। ਉਹ ਗੁਰਮਤਿ ਸੰਗੀਤ ਦੀ ਸਿਖਲਾਈ ਲੈ ਰਹੇ ਹਨ ਅਤੇ ਨਾਲ ਹੀ ਇਸ ਦਾ ਪ੍ਰਚਾਰ ਕਰ ਰਹੇ ਹਨ।

ਇਸ ਕਿਤਾਬਚੇ ਵਿਚ ਉਨ੍ਹਾਂ ਨੇ ਡਾ. ਗੁਰਨਾਮ ਸਿੰਘ ਅਤੇ ਪੰਜਾਬੀ ਯੂਨੀਵਰਸਿਟੀ ਵਲੋਂ ਕੀਤੇ ਗੁਰਮਤਿ ਸੰਗੀਤ ਸਬੰਧੀ ਕੀਤੇ ਕਾਰਜਾਂ ਦਾ ਬੜੇ ਪ੍ਰੇਮ ਸਹਿਤ ਵਰਨਣ ਕੀਤਾ ਹੈ। ਗੁਰੂ ਗ੍ਰੰਥ ਸਾਹਿਬ ਪ੍ਰਤੀ ਰਚੀ ਕਵਿਤਾ ਵਿਚ ਉਹ ਗੁਰਮਤਿ ਸੰਗੀਤ ਸਬੰਧੀ ਜੋ ਲਿਖਿਆ ਹੈ, ਉਹ ਪਾਠਕਾਂ ਦੀ ਭੇਟ ਕਰ ਰਹੇ ਹਾਂ:

ਸ਼ਾਸਤ੍ਰੀਯ ਸੰਗੀਤ, ਜੋ ਬਣ ਗਿਆ ਸੀ,
ਸਾਧਨ, ਕੇਵਲ ਮਾਨਸ-ਵਿਲਾਸ ਦਾ,
ਚੁਣ 30 ਰਾਗ, ਅਵਿਸ਼ਕਾਰ ਕਰ 30 ਮਿਸ਼ਰਤ ਹੋਰ
ਗੁਰੂ ਅਰਜਨ ਵਿਲੱਖਨ 'ਗੁਰਮਤਿ ਸੰਗੀਤ' ਸ਼ੈਲੀ ਬਣਾਈ॥

ਘੋਖਵਾਂ ਅਧਿਐਨ ਕਰ ਹਰ ਰਚਨਾਂ ਦੇ
ਕੇਂਦਰੀ ਭਾਵ, ਕਾਵ-ਛੰਦ-ਬੱਧਿਤਾ ਦਾ,
ਚੁਣ ਢੁਕਵਾਂ ਰਾਗ, ਹਰ ਸ਼ਬਦ ਲਈ, ਗੁਰੂ ਕਿਹਾ
ਨਿਰਧਾਰਤ ਰਾਗ ਵਿਚ ਕਰੋ ਕੀਰਤਨ ਸਭ ਮਾਈ ਭਾਈ॥

ਇਹ ਕਮਾਲ ਹੈ ਗੁਰੂ ਅਰਜਨ ਦੇਵ ਜੀ
ਮਹਾਨ ਕੀਰਤਨਕਾਰ ਤੇ ਸੰਗੀਤ ਅਚਾਰੀਆ ਦਾ,
ਅਨਮੋਲ ਵਿਰਾਸਤ ਸ਼ਾਸਤ੍ਰੀ ਸੰਗੀਤ, ਕੇਵਲ ਬਚਾਈ ਨਹੀਂ,
ਸਗੋਂ ਅਮਰ ਅਤੇ ਪਵਿੱਤਰ ਵੀ ਕਰ ਵਿਖਾਈ॥

ਪਰਚਲਿਤ ਲੋਕ-ਧੁਨਾਂ, ਜਿਵੇਂ ਆਰਤੀ,
ਅੰਜੁਲੀ, ਅਲਾਹੁਣੀਆਂ, ਘੋੜੀਆਂ, ਵਾਰਾਂ,
ਬਾਰਾਂ-ਮਾਹ, ਤੇ ਚਾਰ ਲਾਵਾਂ ਰਚ ਕੇ
ਗੁਰੂ ਅਰਜਨ ਦੇਵ ਬਾਣੀ ਲੋਕ-ਪ੍ਰੀਏ ਬਣਾਈ॥

ਪੜਤਾਲ, ਜਿਥੇ ਪਰਤਦੀ ਹੈ ਚਾਲ ਤਾਲ ਦੀ
ਸਥਾਈ ਬਾਅਦ, ਹਰ ਅੰਤਰੇ ਵਿਚ
19 ਪੜਤਾਲਾਂ, ਗੁਰੂ ਰਾਮ ਦਾਸ ਦੀਆਂ ਨਾਲ 36 ਰਚ ਹੋਰ,
ਗੁਰੂ ਅਰਜਨ, 55 ਦੀ ਸੁੰਦਰ ਲੜੀ ਬਣਾਈ॥

# ਗੁਰੂ ਨਾਨਕ ਬਾਣੀ ਵਿਚ ਸੰਗੀਤ

## ਡਾ. ਜਾਗੀਰ ਸਿੰਘ

ਗੁਰੂ ਨਾਨਕ ਦੇਵ ਜੀ ਦੇ ਜੀਵਨ ਵਿਚ ਸੰਗੀਤ ਅੰਗ ਸੰਗ ਰਿਹਾ ਅਤੇ ਉਨ੍ਹਾਂ ਨੇ ਆਪਣੀ ਬਾਣੀ ਦਾ ਗਾਇਨ ਕਰਨ ਲਈ ਵਿਸ਼ੇਸ਼ ਨਿਰਦੇਸ਼ ਵੀ ਦਿੱਤੇ। ਗੁਰੂ ਜੀ ਆਪ ਸੰਗੀਤ ਕਲਾ ਦੇ ਮਹੱਤਵ ਨੂੰ ਸਮਝਦੇ ਸਨ। ਉਹ ਆਪਣੇ ਆਦਰਸ਼ ਮਨੁੱਖ ਦੀ ਸ਼ਖਸੀਅਤ ਨੂੰ ਉਚੇਰੇ ਗੁਣਾਂ ਨਾਲ ਭਰਪੂਰ ਕਰਨਾ ਚਾਹੁੰਦੇ ਸਨ, ਇਸੇ ਲਈ ਰਾਗ ਅਤੇ ਕਾਵਿ ਜਿਹੀਆਂ ਸੂਖਮ ਕਲਾਵਾਂ ਤੋਂ ਅਣਜਾਣ ਵਿਅਕਤੀਆਂ ਲਈ ਉਨ੍ਹਾਂ ਦੇ ਮਨ ਵਿਚ ਕੋਈ ਆਦਰ ਨਹੀਂ ਸੀ। ਉਹ ਸਾਰੰਗ ਦੀ ਵਾਰ ਵਿਚ ਉਚਾਰਦੇ ਹਨ:

*ਇਕਨਾ ਨਾਦ ਨ ਬੇਦ ਨ ਗੀਅ ਰਸੁ*
*ਰਸ ਕਸ ਨ ਜਾਣੰਤਿ॥*
*ਇਕਨਾ ਸੁਧਿ ਨ ਬੁਧਿ ਨ ਅਕਲਿ ਸਰ*
*ਅਖਰ ਕਾ ਭੇਉ ਨ ਲਹੰਤਿ॥*
*ਨਾਨਕ ਤੇ ਨਰ ਅਸਲਿ ਖਰ*
*ਜਿ ਬਿਨੁ ਗੁਣ ਗਰਬੁ ਕਰੰਤਿ॥*

(ਸਲੋਕ ਮਹਲਾ ੧, ਪੰਨਾ 1246)

ਗੁਰਬਾਣੀ ਦੇ ਗਾਇਨ ਭਾਵ ਕੀਰਤਨ ਕਰਨ ਬਾਰੇ ਗੁਰੂ ਸਾਹਿਬ ਨੇ ਬਾਣੀ ਦੇ ਅੰਦਰ ਵੀ ਜਿਥੇ ਭਾਂਤ ਭਾਂਤ ਦੇ ਨਿਰਦੇਸ਼ ਦਿੱਤੇ ਹਨ ਉਥੇ ਕੀਰਤਨ ਦੀ ਮਹੱਤਤਾ ਬਾਰੇ ਵੀ ਅਨੇਕ ਕਥਨ ਉਚਾਰਨ ਕੀਤੇ ਹਨ।

ਗੁਰੂ ਨਾਨਕ ਦੇਵ ਜੀ ਨੇ ਕੀਰਤਨ ਸ਼ਬਦ ਆਪਣੀ ਬਾਣੀ ਵਿਚ ਇਕ ਹੀ ਵਾਰ ਪ੍ਰਯੋਗ ਕੀਤਾ ਹੈ:

*ਗੁਰ ਕੀ ਸੇਵਾ ਮੁਕਤਿ ਪਰਾਇਣਿ*
*ਅਨਦਿਨੁ ਕੀਰਤਨੁ ਕੀਨਾ ਹੇ।*

(ਮਾਰੂ ਸੋਹਲੇ ਮਹਲਾ ੧, ਪੰਨਾ 1028)

ਪਰ ਹਰੀ ਗੁਣ ਗਾਇਨ, ਹਰਿ ਜਸ ਗਾਇਨ, ਆਦਿ ਪਦਾਂ ਦਾ ਪ੍ਰਯੋਗ ਕਰਦਿਆਂ ਸੰਗੀਤ ਦੀ ਮਹੱਤਤਾ ਨੂੰ ਭਲੀ ਭਾਂਤ ਉਜਾਗਰ ਕੀਤਾ ਹੈ।

ਗੁਰੂ ਨਾਨਕ ਦੇਵ ਜੀ ਆਪਣੇ ਆਪ ਨੂੰ ਪਰਮੇਸ਼ਰ ਦਾ ਢਾਢੀ ਕਹਿੰਦੇ ਹਨ:

*ਹਉ ਢਾਢੀ ਵੇਕਾਰੁ ਕਾਰੈ ਲਾਇਆ॥*
*ਰਾਤਿ ਦਿਹੈ ਕੈ ਵਾਰ ਧੁਰਹੁ ਫੁਰਮਾਇਆ॥*
*ਢਾਢੀ ਸਚੈ ਮਹਲਿ ਖਸਮਿ ਬੁਲਾਇਆ॥*
*ਸਚੀ ਸਿਫਤਿ ਸਾਲਾਹ ਕਪੜਾ ਪਾਇਆ॥*
*ਸਚਾ ਅੰਮ੍ਰਿਤ ਨਾਮੁ ਭੋਜਨੁ ਆਇਆ॥*
*ਗੁਰਮਤੀ ਖਾਧਾ ਰਜਿ ਤਿਨਿ ਸੁਖੁ ਪਾਇਆ॥*
*ਢਾਢੀ ਕਰੇ ਪਸਾਉ ਸਬਦੁ ਵਜਾਇਆ॥*
*ਨਾਨਕੁ ਸਚੁ ਸਾਲਾਹਿ ਪੂਰਾ ਪਾਇਆ॥*

(ਵਾਰ ਮਾਝ ਮਹਲਾ੧, ਪੰਨਾ 150)

ਗੁਰੂ ਨਾਨਕ ਦੇਵ ਜੀ ਢਾਡੀ ਦੀ ਹੋਰ ਵਿਸ਼ੇਸ਼ਤਾ ਨੂੰ ਦਰਸਾਉਂਦਿਆਂ ਬਿਆਨ ਕਰਦੇ ਹਨ:

*ਖਸਮੈ ਕੈ ਦਰਬਾਰਿ ਢਾਢੀ ਵਸਿਆ॥*

- - - - - - - - - - - - - - -

*ਸਚਾ ਸਤਿਗੁਰੁ ਸੇਵਨਿ ਸਚਾ ਮਾਰਗ ਦਸਿਆ॥*
*ਸਚਾ ਸਬਦੁ ਬੀਚਾਰਿ ਕਾਲੁ ਵਿਧਉਸਿਆ॥*
*ਢਾਢੀ ਕਥੇ ਅਕਥੁ ਸਬਦਿ ਸਵਾਰਿਆ॥*

(ਵਾਰ ਮਾਝ ਮਹਲਾ੧, ਪੰਨਾ 148)

*ਖਾਲਕ ਕਉ ਆਦੇਸੁ ਢਾਢੀ ਗਾਵਣਾ॥*
*ਨਾਨਕ ਜੁਗੁ ਜੁਗੁ ਏਕੁ ਮੰਨਿ ਵਸਾਵਣਾ॥*

(ਵਾਰ ਮਾਝ ਮਹਲਾ੧, ਪੰਨਾ 148)

ਗੁਰੂ ਨਾਨਕ ਦੇਵ ਜੀ ਦੇ ਉਪਰੋਕਤ ਕਥਨਾਂ ਤੋਂ ਸਪਸ਼ਟ ਹੈ ਕਿ ਉਹ ਆਪਣੇ ਆਪ ਨੂੰ ਮੁੱਖ ਰੂਪ ਵਿਚ ਸ਼ਬਦ ਰਾਹੀਂ ਅਕੱਥ ਪਰਮਾਤਮਾ ਦੇ ਗੁਣ ਅਤੇ ਉਸ ਦੇ ਹੁਕਮ ਨੂੰ ਗਾਇਨ ਕਰਨ ਵਾਲਾ ਸਮਝਦੇ ਹਨ।

ਗੁਰੂ ਸਾਹਿਬ ਅਨੁਸਾਰ ਅਧਿਆਤਮਕ ਰਾਹ ਦੇ ਪਾਂਧੀ ਲਈ ਹਰੀ ਜਸ ਗਾਇਨ ਕਰਨਾ ਜ਼ਰੂਰੀ ਹੈ। ਜਪੁ ਜੀ ਵਿਚ ਆਪ ਨੇ ਮਨੁੱਖ ਨੂੰ ਸਚਿਆਰਾ ਬਣਨ ਲਈ ਹੁਕਮ ਅਨੁਸਾਰ ਚੱਲਣ ਦੀ ਸ਼ਰਤ ਲਗਾਈ ਹੈ। ਹੁਕਮ ਅਨੁਸਾਰ ਚੱਲਣ ਲਈ ਹੁਕਮ ਬਾਰੇ ਜਾਣਨਾ ਜ਼ਰੂਰੀ ਹੈ ਅਤੇ ਹੁਕਮ ਨੂੰ ਜਾਣਨ ਲਈ ਹੁਕਮ ਦੇ ਮਾਲਕ ਪਰਮੇਸ਼ਰ ਦਾ ਜਸ ਗਾਇਨ ਕੀਤਾ ਜਾਂਦਾ ਹੈ। ਇਸ ਬਾਰੇ ਜਪੁ ਜੀ ਵਿਚ ਦੱਸਿਆ ਹੈ:

*ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ॥*
*ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥*

ਅਤੇ ਫਿਰ ਕਿਹਾ ਹੈ:

***ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ॥***

(ਜਪੁ ਜੀ, ਪੰਨਾ 1)

ਹੁਕਮ ਨੂੰ ਬੁਝਣ ਲਈ ਪਰਮੇਸ਼ਰ ਦੇ ਗੁਣ ਗਾਇਨ ਨੂੰ ਸਾਧਨ ਦੱਸਿਆ ਹੈ। ਜਪੁਜੀ ਵਿਚ ਵੀ ਇਸ ਗੁਣ ਗਾਇਨ ਦੀ ਮਹੱਤਤਾ ਬਾਰੇ ਉਚਾਰਿਆ ਹੈ:

***ਗਾਵੈ ਕੋ ਤਾਣੁ ਹੋਵੈ ਕਿਸੈ ਤਾਣੁ॥***
***ਗਾਵੈ ਕੋ ਦਾਤਿ ਜਾਣੈ ਨੀਸਾਣੁ॥***

- - - - - - - - - - - - - - -

***ਜਿਨਿ ਸੇਵਿਆ ਤਿਨਿ ਪਾਇਆ ਮਾਨੁ॥***
***ਨਾਨਕ ਗਾਵੀਐ ਗੁਣੀ ਨਿਧਾਨੁ॥***

(ਜਪੁ ਜੀ, ਪੰਨਾ 1-2)

ਸੋਦਰ ਵਾਲੀ ਪਉੜੀ ਵਿਚ ਬ੍ਰਹਿਮੰਡੀ ਕੀਰਤਨ ਅਰਥਾਤ ਕੁਦਰਤ ਦੇ ਸੰਗੀਤ ਦੀ ਤਸਵੀਰ ਖਿੱਚੀ ਹੁੰਦੀ ਹੈ। ਪਰਮਾਤਮਾ ਦੇ ਦਰਬਾਰ ਵਿਚ ਗਾਇਨ ਕਰਨ ਵਾਲਿਆਂ ਦਾ ਵਰਣਨ ਅਦੁੱਤੀ ਹੈ। ਇਥੇ ਚਿਤਰ-ਗੁਪਤ, ਧਰਮਰਾਜ, ਈਸ਼ਵਰ, ਬ੍ਰਹਮਾ, ਦੇਵੀ, ਦੇਵਤੇ, ਸਿੱਧ, ਜਤੀ, ਸਤੀ, ਜੋਧੇ ਆਦਿ ਹੀ ਨਹੀਂ ਗਾ ਰਹੇ ਸਗੋਂ ਪੌਣ, ਪਾਣੀ, ਅੱਗ, ਤਾਰਿਕਾ ਮੰਡਲ ਅਤੇ ਸਮੁੱਚਾ ਬ੍ਰਹਿਮੰਡ, ਸਮੁੱਚੀ ਸ੍ਰਿਸ਼ਟੀ ਗਾ ਰਹੀ ਹੈ।

***ਸੋ ਦਰੁ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ॥***
***ਵਾਜੇ ਨਾਦ ਅਨੇਕ ਅਸੰਖਾ ਕੇਤੇ ਵਾਵਣਹਾਰੇ॥***
***ਕੇਤੇ ਰਾਗ ਪਰੀ ਸਿਉ ਕਹੀਅਨਿ ਕੇਤੇ ਗਾਵਣਹਾਰੇ॥***
***ਗਾਵਹਿ ਤੁਹਨੋ ਪਉਣੁ ਪਾਣੀ ਬੈਸੰਤਰੁ***
***ਗਾਵੈ ਰਾਜਾ ਧਰਮੁ ਦੁਆਰੇ॥***
***ਗਾਵਹਿ ਚਿਤੁ ਗੁਪਤੁ ਲਿਖਿ ਜਾਣਹਿ***
***ਲਿਖਿ ਲਿਖਿ ਧਰਮੁ ਵੀਚਾਰੇ॥***
***ਗਾਵਹਿ ਈਸਰੁ ਬਰਮਾ ਦੇਵੀ ਸੋਹਨਿ ਸਦਾ ਸਵਾਰੇ॥***
***ਗਾਵਹਿ ਇੰਦ ਇਦਾਸਣਿ ਬੈਠੇ ਦੇਵਤਿਆਂ ਦਰਿ ਨਾਲੇ॥***
***ਗਾਵਹਿ ਸਿਧ ਸਮਾਧੀ ਅੰਦਰਿ ਗਾਵਨਿ ਸਾਧ ਵਿਚਾਰੇ॥***
***ਗਾਵਹਿ ਜਤੀ ਸਤੀ ਸੰਤੋਖੀ ਗਾਵਹਿ ਵੀਰ ਕਰਾਰੇ॥***
***ਗਾਵਨਿ ਪੰਡਿਤ ਪੜਨਿ ਰਖੀਸਰ***
***ਜੁਗੁ ਜੁਗੁ ਵੇਦਾ ਨਾਲੇ॥***
***ਗਾਵਨਿ ਮੋਹਣੀਆਂ ਮਨੁ ਮੋਹਨਿ***
***ਸੁਰਗਾ ਮਛ ਪਇਆਲੇ॥***
***ਗਾਵਹਿ ਰਤਨ ਉਪਾਏ ਤੇਰੇ ਅਠਸਠਿ ਤੀਰਥ ਨਾਲੇ॥***
***ਗਾਵਹਿ ਜੋਧ ਮਹਾਬਲ ਸੂਰਾ ਗਾਵਹਿ ਖਾਣੀ ਚਾਰੇ॥***
***ਗਾਵਹਿ ਖੰਡ ਮੰਡਲ ਵਰਭੰਡਾ ਕਰਿ ਕਰਿ ਰਖੇ ਧਾਰੇ॥***

ਅੰਤ ਵਿਚ ਆਖਦੇ ਹਨ ਕਿ ਕਿਤਨੇ ਗਾ ਰਹੇ ਹਨ ਮੇਰੇ ਚੇਤੇ ਵਿਚ ਨਹੀਂ ਆਉਂਦੇ -

***ਹੋਰਿ ਕੇਤੇ ਗਾਵਨਿ ਸੇ ਮੈ ਚਿਤਿ ਨ ਆਵਨਿ***
***ਨਾਨਕੁ ਕਿਆ ਵੀਚਾਰੇ॥***

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 6)

ਗੁਰੂ ਨਾਨਕ ਬਾਣੀ ਵਿਚ ਹੋਰ ਵੀ ਅਨੇਕਾਂ ਹਵਾਲੇ ਪ੍ਰਾਪਤ ਹੁੰਦੇ ਹਨ ਜਿਨ੍ਹਾਂ ਤੋਂ ਇਹ ਸਪਸ਼ਟ ਹੁੰਦਾ ਹੈ ਕਿ ਗੁਰੂ ਸਾਹਿਬ ਕੀਰਤਨ ਅਰਥਾਤ ਪਰਮੇਸ਼ਰ ਦੇ ਗੁਣ ਗਾਇਨ ਕਰਨ ਨੂੰ ਬਹੁਤ ਪ੍ਰਭਾਵਸ਼ਾਲੀ ਸਮਝਦੇ ਸਨ।

ਹਰੀ ਕੀਰਤਨ ਨੂੰ ਹਰਿ ਜਸੁ ਆਖਦਿਆਂ ਇਸ ਨੂੰ ਰਤਨ, ਜਵਾਹਰ, ਮਾਣਕ, ਹੀਰੇ ਅਤੇ ਮੋਤੀ ਨਾਲ ਤੁਲਨਾ ਦਿੱਤੀ ਗਈ ਹੈ:

***ਮੋਤੀ ਮਾਣਕ ਹੀਰਾ ਹਰਿ ਜਸੁ***
***ਗਾਵਤ ਮਨੁ ਤਨੁ ਭੀਨਾ ਹੇ॥***

(ਮਾਰੂ ਸੋਹਲੇ ਮਹਲਾ੧, ਪੰਨਾ 1027)

ਹਰੀ ਦੇ ਗੁਣ ਗਾਇਨ ਕਰਨ ਅਰਥਾਤ ਕੀਰਤਨ ਵਿਚ ਮਨ ਨੂੰ ਇਕਾਗਰ ਕਰਨ ਦੀ ਸ਼ਕਤੀ ਹੈ। ਇਸ ਦਾ ਮਨ ਉਤੇ ਸਿੱਧਾ ਪ੍ਰਭਾਵ ਪੈਂਦਾ ਹੈ। ਇਸ ਤਰ੍ਹਾਂ ਬਿਰਤੀ ਸਹਿਜੇ ਹੀ ਇਕਾਗਰ ਹੋ ਜਾਂਦੀ ਹੈ। ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ:

***ਮਨੁ ਜੋਗੀ ਮਨੁ ਬਿਨਸਿ ਬਿਓਗੀ***
***ਮਨੁ ਸਮਝੈ ਗੁਣ ਗਾਈ॥***

(ਭੈਰਉ ਮਹਲਾ੧, ਪੰਨਾ 1125)

***ਮਨ ਕਾ ਜੀਉ ਪਵਨਪਤਿ ਦੇਹੀ***
***ਦੇਹੀ ਮਹਿ ਦੇਉ ਸਮਾਗਾ॥***
***ਜੇ ਤੂ ਦੇਹਿ ਤ ਹਰਿ ਰਸੁ ਗਾਈ***
***ਮਨੁ ਤ੍ਰਿਪਤੈ ਹਰਿ ਲਿਵ ਲਾਗਾ॥***

(ਸੋਰਠ ਮਹਲਾ੧, ਪੰਨਾ 598)

ਗਾਇਨ ਮਨੁੱਖ ਦੀਆਂ ਮਨ ਬਿਰਤੀਆਂ ਨੂੰ ਆਪਣੇ ਵੱਲ ਖਿੱਚ ਲੈਂਦਾ ਹੈ। ਗੁਣ ਗਾਇਨ ਕਰਨ ਲਈ ਮਨ ਨੂੰ ਇਸ ਗਾਇਨ ਕਲਾ ਦੇ ਹਵਾਲੇ ਕਰਨਾ ਪੈਂਦਾ ਹੈ। ਇਸੇ ਲਈ ਗੁਰੂ ਸਾਹਿਬ ਉਚਾਰਦੇ ਹਨ :

***ਮਨੁ ਦੇ ਲੀਆ ਰਹਸਿ ਗੁਣ ਗਾਈ॥***

(ਗਉੜੀ ਗੁਆਰੇਰੀ ਮਹਲਾ੧, ਪੰਨਾ 221)

ਗਾਇਨ ਕਰਨ ਨਾਲ ਸਦੀਵੀ ਸੁਖ ਪ੍ਰਾਪਤ ਹੁੰਦਾ ਹੈ:

***ਜੈ ਘਰਿ ਕੀਰਤਿ ਆਖੀਐ ਕਰਤੇ ਕਾ ਹੋਇ ਬੀਚਾਰੋ॥***

*ਤਿਤੁ ਘਰਿ ਗਾਵਹੁ ਸੋਹਿਲਾ ਸਿਵਰਹੁ ਸਿਰਜਣਹਾਰੋ॥*
*ਤੁਮ ਗਾਵਹੁ ਮੇਰੇ ਨਿਰਭਉ ਕਾ ਸੋਹਿਲਾ॥*
*ਹਉ ਵਾਰੀ ਜਿਤੁ ਸੋਹਿਲੈ ਸਦਾ ਸੁਖੁ ਹੋਇ॥*

(ਗਉੜੀ ਪੂਰਬੀ ਦੀਪਕੀ ਮਹਲਾ੧, ਪੰਨਾ 157)

ਹਰੀ ਦੇ ਗੁਣ ਗਾਇਨ ਕਰਨ ਨਾਲ ਹਰੀ ਮਿਲ ਪੈਂਦਾ ਹੈ ਅਤੇ ਸੁੱਖ ਦੀ ਪ੍ਰਾਪਤੀ ਹੁੰਦੀ ਹੈ:

*ਲਾਹਾ ਹਰਿ ਗੁਣ ਗਾਇ ਮਿਲੈ ਸੁਖੁ ਪਾਈਐ॥*

(ਆਸਾ ਮਹਲਾ ੧, ਪੰਨਾ 422)

ਗੁਰੂ ਸਾਹਿਬ ਮਨੁੱਖ ਨੂੰ ਤਾਕੀਦ ਕਰਦੇ ਹਨ ਕਿ ਪਰਮੇਸ਼ਰ ਦੇ ਗੁਣ ਗਾਇਨ ਕਰੋ। ਹਰੀ ਦਾ ਜਸ ਕਰਨਾ ਹੀ ਅਸਲ ਲਾਭ ਹੈ ਇਸ ਨਾਲ ਹੀ ਪਰਮੇਸ਼ਰ ਖੁਸ਼ ਹੁੰਦਾ ਹੈ:

*ਭਾਈ ਰੇ ਰਾਮੁ ਕਹਹੁ ਚਿਤੁ ਲਾਇ॥*
*ਹਰਿ ਜਸੁ ਵਖਰੁ ਲੈ ਚਲਹੁ ਸਹੁ ਦੇਖੈ ਪਤੀਆਇ॥*

(ਸਿਰੀ ਰਾਗ ਮਹਲਾ੧, ਪੰਨਾ 22)

ਹਰੀ ਦੇ ਗੁਣ ਗਾਇਨ ਕਰਨ ਨਾਲ ਜਮ ਦੂਤ ਨੇੜੇ ਨਹੀਂ ਆਉਂਦਾ:

*ਦੂਤੁ ਨ ਲਾਗਿ ਸਕੈ ਗੁਨ ਗਾਇ॥*

(ਆਸਾ ਮਹਲਾ੧, ਪੰਨਾ 416)

*ਹਿਰਦੈ ਸਾਚੁ ਵਸੈ ਹਰਿ ਨਾਇ॥*
*ਕਾਲੁ ਨ ਜੋਹਿ ਸਕੈ ਗੁਣ ਗਾਇ॥*

(ਗਉੜੀ ਮਹਲਾ ੧, ਪੰਨਾ 227)

*ਅਕਲ ਗਾਇ ਜਮ ਤੇ ਕਿਆ ਡਰੀਐ॥*

(ਮਾਰੂ ਮਹਲਾ ੧, ਪੰਨਾ 1040)

*ਝਖਿ ਬੋਲਣੁ ਕਿਆ ਜਗ ਸਿਉ ਵਾਦੁ॥*
*ਝੂਰਿ ਮਰੈ ਦੇਖੈ ਪਰਮਾਦੁ॥*
*ਜਨਮਿ ਮੂਏ ਨਹੀਂ ਜੀਵਣ ਆਸਾ॥*
*ਆਇ ਚਲੇ ਭਏ ਆਸ ਨਿਰਾਸਾ॥*
*ਝੁਰਿ ਝੁਰਿ ਝਖਿ ਮਾਟੀ ਰਲਿ ਜਾਇ॥*
*ਕਾਲੁ ਨ ਚਾਂਪੈ ਹਰਿ ਗੁਣ ਗਾਇ॥*
*ਪਾਈ ਨਵਨਿਧਿ ਹਰਿ ਕੈ ਨਾਇ॥*

(ਰਾਮਕਲੀ ਦਖਣੀ ਓਅੰਕਾਰ ਮਹਲਾ ੧, ਪੰਨਾ 933)

ਇਥੇ ਉਪਦੇਸ਼ ਦਿੱਤਾ ਹੈ ਕਿ ਵਾਦ ਵਿਵਾਦ ਕਰਨਾ ਝਖਾਂ ਮਾਰਨ ਵਾਲਾ ਕੰਮ ਹੈ। ਪ੍ਰਭੂ ਪ੍ਰਾਪਤੀ ਲਈ ਹਰੀ ਦੇ ਗੁਣ ਗਾਉਣੇ ਅਤਿ ਜ਼ਰੂਰੀ ਹਨ। ਗੁਣ ਗਾਉਣ ਨਾਲ ਹੀ ਝੂਰਨ ਮਿਟਦਾ ਹੈ। ਜੋ ਪ੍ਰਮਾਤਮਾ ਦੇ ਗੁਣ ਗਾਇਨ ਕਰਦਾ ਹੈ ਉਸ ਨੂੰ ਮੌਤ ਦਾ ਡਰ ਨਹੀਂ ਪੋਹ ਸਕਦਾ। ਪ੍ਰਭੂ ਦੇ ਨਾਮ ਦੀ ਵਡਿਆਈ ਕਾਰਨ ਉਹ ਮਾਨੋ ਧਰਤੀ ਦਾ ਧਨ ਪ੍ਰਾਪਤ ਕਰ ਲੈਂਦਾ ਹੈ।

ਜਿਹੜੇ ਕੇਵਲ ਵਿਖਾਵੇ ਲਈ ਗਾਇਨ ਕਰਦੇ ਹਨ ਉਹ ਨਾਮ ਤੋਂ ਬਿਨਾਂ ਝੂਠੇ ਹਨ। ਅਸਲ ਵਿਚ ਤਾਂ ਗੁਰੂ ਦੀ ਕਿਰਪਾ ਦੁਆਰਾ ਨਾਮ ਨਾਲ ਜੁੜ ਕੇ ਹੀ ਹਰੀ ਦੇ ਗੁਣ ਗਾਇਨ ਕਰਨੇ ਚਾਹੀਦੇ ਹਨ:

*ਗਾਵਹਿ ਗੀਤੇ ਚੀਤਿ ਅਨੀਤੇ॥*
*ਰਾਗ ਸੁਣਾਇ ਕਹਾਵਹਿ ਬੀਤੇ॥*
*ਬਿਨ ਨਾਵੈ ਮਨਿ ਝੂਠੁ ਅਨੀਤੇ॥*
*ਕਹਾ ਚਲਹੁ ਮਨ ਰਹਹੁ ਘਰੇ॥*
*ਗੁਰਮੁਖਿ ਰਾਮ ਨਾਮਿ ਤ੍ਰਿਪਤਾਸੇ*
*ਖੋਜਤ ਪਾਵਹੁ ਸਹਜਿ ਹਰੇ॥*

\- - - - - - - - - - - - - - -

*ਗੁਰ ਪਰਸਾਦੀ ਕਰਮ ਕਮਾਉ॥*
*ਨਾਮੇ ਰਾਤਾ ਹਰਿ ਗੁਣ ਗਾਉ॥*

(ਆਸਾ ਮਹਲਾ੧, ਪੰਨਾ 414-15)

ਮਿਹਰਬਾਨ ਵਾਲੀ ਜਨਮ ਸਾਖੀ[1] ਵਿਚ ਦਸਿਆ ਹੈ ਕਿ ਗੁਰੂ ਸਾਹਿਬ ਨੇ ਇਹ ਸ਼ਬਦ ਉਦੋਂ ਉਚਾਰਨ ਕੀਤਾ ਜਦੋਂ ਕੁਝ ਪਾਖੰਡੀ ਕੀਰਤਨੀਏ ਬੜੇ ਵਿਖਾਵੇ ਵਾਲੇ ਢੰਗ ਨਾਲ ਰਾਗ ਅਤੇ ਤਾਲ ਵਿਚ ਕੀਰਤਨ ਕਰ ਰਹੇ ਸਨ। ਗੁਰੂ ਅੰਗਦ ਦੇਵ ਜੀ ਦੇ ਪੁੱਛਣ ਤੇ ਇਹ ਸ਼ਬਦ ਉਚਾਰਨ ਹੋਇਆ। ਭਾਈ ਵੀਰ ਸਿੰਘ ਜੀ[2] ਵੀ ਇਨ੍ਹਾਂ ਤੁਕਾਂ ਦੀ ਵਿਆਖਿਆ ਕਰਦੇ ਦਸਦੇ ਹਨ ਕਿ ਗੁਰੂ ਸਾਹਿਬ ਇਸ ਸ਼ਬਦ ਵਿਚ ਦਿਲ ਵਿਚ ਅਨੀਤੀਆਂ ਭਾਵ ਪਾਪ ਪੂਰਤੀ ਦੀਆਂ ਵਾਸ਼ਨਾਵਾਂ ਰੱਖ ਕੇ ਗੀਤ ਗਾ ਗਾ ਕੇ ਲੋਕਾਂ ਨੂੰ ਪ੍ਰੇਰਨ ਵਾਲੇ ਗਵੱਈਆਂ ਜਾਂ ਕੀਰਤਨੀਆਂ ਦਾ ਜ਼ਿਕਰ ਕਰਦੇ ਹਨ ਕਿ ਜੋ ਰਾਗ ਸੁਣਾਉਂਦੇ ਹਨ ਅਤੇ ਲੋਕਾਂ ਵਿਚ ਗਿਆਨੀ ਕਹਾਉਂਦੇ ਹਨ।

ਗਾਇਨ ਕਿਵੇਂ ਕਰਨਾ ਚਾਹੀਦਾ ਹੈ ਇਸ ਬਾਰੇ ਵੀ ਗੁਰੂ ਨਾਨਕ ਬਾਨੀ ਵਿਚੋਂ ਅਗਵਾਈ ਮਿਲਦੀ ਹੈ;

ਗਾਇਨ ਮਨ ਵਿਚ ਪ੍ਰੇਮ ਰੱਖ ਕੇ ਅਤੇ ਸਹਿਜ ਨਾਲ ਕਰਨਾ ਚਾਹੀਦਾ ਹੈ ਅਤੇ ਇਸ ਦੀ ਮਹੱਤਤਾ ਦਸਦੇ ਹਨ ਕਿ ਅਜਿਹਾ ਗਾਇਨ ਕਰਨ ਨਾਲ ਦੁਖ ਦੂਰ ਹੁੰਦੇ ਹਨ ਅਤੇ ਸੁਖ ਦੀ ਪ੍ਰਾਪਤੀ ਹੁੰਦੀ ਹੈ:

*ਨਾਨਕ ਸਹਿਜ ਭਾਇ ਗੁਣ ਗਾਇ॥*

(ਧਨਾਸਰੀ ਮਹਲਾ੧, ਪੰਨਾ 686)

*ਗਾਵੀਐ ਸੁਣੀਐ ਮਨਿ ਰਖੀਐ ਭਾਉ ॥*
*ਦੁਖੁ ਪਰਹਰਿ ਸੁਖੁ ਘਰਿ ਲੈ ਜਾਇ ॥*

(ਜਪੁਜੀ ਪੰਨਾ 2)

ਜਿਸ ਮਨੁੱਖ ਦਾ ਆਕਾਸ਼ ਜਿਹੇ ਵਿਸ਼ਾਲ ਪਰਮੇਸ਼ਰ ਵਿਚ ਵਾਸ ਹੋ ਜਾਂਦਾ ਹੈ ਉਹ ਪ੍ਰਭੂ ਦੇ ਗੁਣ ਗਾਉਂਦਾ ਹੈ, ਜਿਸ ਕਰਕੇ ਉਸ ਨੂੰ ਸਹਿਜ ਸੁਖ ਪ੍ਰਾਪਤ ਹੋ ਜਾਂਦਾ ਹੈ:

*ਗਗਨ ਗੰਭੀਰੁ ਗਗਨੰਤਰਿ ਵਾਸੁ ॥*
*ਗੁਣ ਗਾਵੈ ਸੁਖ ਸਹਜਿ ਨਿਵਾਸੁ ॥*

(ਰਾਮਕਲੀ ਦਖਣੀ ਓਅੰਕਾਰ ਮਹਲਾ ੧, 932)

ਗੁਰੂ ਸਾਹਿਬ ਗਾਇਨ ਨੂੰ ਭਗਤੀ ਦਾ ਇਕ ਕਿਰਿਆਤਮਕ ਅੰਗ ਮੰਨਦਿਆਂ ਉਚਾਰਦੇ ਹਨ ਕਿ ਪਰਮਾਤਮਾ ਦੇ ਗੁਣ ਗਾਇਨ ਕਰਨ ਨਾਲ ਅਧਿਆਤਮਕ ਪ੍ਰਾਪਤੀਆਂ ਹੁੰਦੀਆਂ ਹਨ:

ਜਿਹੜਾ ਬੇਬਾਕ ਹੋ ਕੇ ਰਾਤ ਦਿਨ ਪ੍ਰਭੂ ਦੇ ਗੁਣ ਗਾਉਂਦਾ ਹੈ ਉਹ ਹੀ ਉਸ ਨੂੰ ਚੰਗਾ ਲੱਗਦਾ ਹੈ:

*ਸੋ ਹਰਿ ਜਨੁ ਹਰਿ ਪ੍ਰਭੂ ਭਾਵੈ ॥*
*ਅਹਿਨਿਸ ਭਗਤਿ ਕਰੇ ਦਿਨੁ ਰਾਤੀ*
*ਲਾਜ ਛੋਡਿ ਹਰਿ ਕੇ ਗੁਣ ਗਾਵੈ ॥*

ਇਸ ਸਾਰੇ ਸ਼ਬਦ ਵਿਚ ਗੁਰੂ ਦੇ ਸ਼ਬਦ, ਹਰੀ ਦੇ ਗੁਣ ਗਾਉਣ, ਧੁਨ, ਵਾਜੇ, ਅਨਹਦ, ਨਾਦ, ਗੁਰਬਾਣੀ ਆਦਿ ਵਿਸ਼ੇਸ਼ ਕਥਨ ਆਏ ਹਨ ਇਸ ਲਈ ਇਸ ਪੂਰੇ ਸ਼ਬਦ ਨੂੰ ਵਾਚਣਾ ਲਾਹੇਵੰਦ ਹੋਵੇਗਾ:

*ਜਾ ਹਰਿ ਪ੍ਰਭਿ ਕਿਰਪਾ ਧਾਰੀ ॥*
*ਤਾ ਹਉਮੈ ਵਿਚਹੁ ਮਾਰੀ ॥*
*ਸੋ ਸੇਵਕਿ ਰਾਮ ਪਿਆਰੀ ॥*
*ਜੋ ਗੁਰ ਸਬਦੀ ਬੀਚਾਰੀ ॥ ੨ ॥*
*ਸੋ ਹਰਿ ਜਨੁ ਹਰਿ ਪ੍ਰਭੂ ਭਾਵੈ ॥*
*ਅਹਿਨਿਸਿ ਭਗਤਿ ਕਰੇ ਦਿਨ ਰਾਤੀ*
*ਲਾਜ ਛੋਡਿ ਹਰਿ ਕੇ ਗੁਣ ਗਾਵੈ ॥ ਰਹਾਉ ॥*
*ਧੁਨਿ ਵਾਜੇ ਅਨਹਦ ਘੋਰਾ ॥*
*ਮਨੁ ਮਾਨਿਆ ਹਰਿ ਰਸਿ ਮੋਰਾ ॥*
*ਗੁਰ ਪੂਰੈ ਸਚੁ ਸਮਾਇਆ ॥*
*ਗੁਰੁ ਆਦਿ ਪੁਰਖੁ ਹਰਿ ਪਾਇਆ ॥*
*ਸਭਿ ਨਾਦ ਬੇਦ ਗੁਰਬਾਣੀ ॥*
*ਮਨੁ ਰਾਤਾ ਸਾਰਿਗਪਾਣੀ ॥*
*ਤਹ ਤੀਰਥ ਵਰਤ ਤਪ ਸਾਰੇ ॥*
*ਗੁਰ ਮਿਲਿਆ ਹਰਿ ਨਿਸਤਾਰੇ ॥*
*ਜਹ ਆਪੁ ਗਇਆ ਭਉ ਭਾਗਾ ॥*
*ਗੁਰ ਚਰਣੀ ਸੇਵਕੁ ਲਾਗਾ ॥*
*ਗੁਰਿ ਸਤਿਗੁਰਿ ਭਰਮੁ ਚੁਕਾਇਆ ॥*
*ਕਹੁ ਨਾਨਕ ਸਬਦਿ ਮਿਲਾਇਆ ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 879)

*ਐਸਾ ਰਾਮ ਭਗਤੁ ਜਨੁ ਕੋਈ ॥*
*ਹਰਿ ਗੁਣ ਗਾਇ ਮਿਲੈ ਮਲੁ ਧੋਈ ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 225)

ਜਿਹੜਾ ਹਰੀ ਦੇ ਗੁਣ ਗਾਉਂਦਾ ਹੈ ਉਹ ਪਰਮਾਤਮਾ ਨਾਲ ਮਿਲ ਜਾਂਦਾ ਹੈ ਅਤੇ ਉਹ ਜਨਮ ਮਰਨ ਤੋਂ ਰਹਿਤ ਹੋ ਜਾਂਦਾ ਹੈ:

*ਨਾਨੈ ਰਵਤੁ ਰਹੈ ਘਟ ਅੰਤਰਿ*
*ਹਰਿ ਗੁਣ ਗਾਵੈ ਸੋਈ ॥*
*ਆਪੇ ਆਪਿ ਮਿਲਾਏ ਕਰਤਾ*
*ਪੁਨਰਪਿ ਜਨਮੁ ਨ ਹੋਈ ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 433)

*ਜਨਮ ਮਰਣ ਭਵਭੰਜਨ ਗਾਈਐ*
*ਪੁਨਰਪਿ ਜਨਮ ਨ ਹੋਈ ਜੀਉ ॥*

(ਸੋਰਠਿ ਮਹਲਾ ੧, ਪੰਨਾ 599)

ਜਿਹੜਾ ਵਿਅਕਤੀ ਮਨ ਅੰਦਰ ਹਰੀ ਦਾ ਸਿਮਰਨ ਕਰਦਾ ਹੈ ਉਹ ਹੀ ਹਰੀ ਦੇ ਗੁਣ ਮੁਖ ਨਾਲ ਗਾਉਂਦਾ ਹੈ। ਉਸ ਨੂੰ ਪ੍ਰਮੇਸ਼ਰ ਆਪ ਹੀ ਆਪਣੇ ਨਾਲ ਮਿਲਾ ਲੈਂਦਾ ਹੈ ਅਤੇ ਉਸ ਦਾ ਦੁਬਾਰਾ ਜਨਮ ਨਹੀਂ ਹੁੰਦਾ।

ਪਰਮੇਸ਼ਰ ਨੂੰ ਚੰਗਾ ਲੱਗਣ ਵਾਲੇ ਗਾਇਨ ਨਾਲ ਹੀ ਯੋਗ ਫਲ ਦੀ ਪ੍ਰਾਪਤੀ ਹੁੰਦੀ ਹੈ। ਉਸ ਦੀ ਕਿਰਪਾ ਨਾਲ ਹੀ ਜਿਹੜੇ ਉਸ ਨੂੰ ਚੰਗੇ ਲੱਗਦੇ ਹਨ ਉਹ ਗਾਇਨ ਕਰਦੇ ਹਨ:

*ਜਾ ਤਿਸ ਭਾਵਾ ਤਦ ਹੀ ਗਾਵਾ ॥*
*ਤਾ ਗਾਵੇ ਕਾ ਫਲੁ ਪਾਵਾ ॥*
*ਗਾਵੇ ਕਾ ਫਲੁ ਹੋਈ ॥*
*ਜਾ ਆਪੇ ਦੇਵੈ ਸੋਈ ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 599)

*ਕਰਿ ਕਿਰਪਾ ਹਰਿ ਭਗਤਿ ਦ੍ਰਿੜਾਏ*
*ਅਨਦਿਨੁ ਹਰਿ ਗੁਣ ਗਾਏ ॥*

(ਬਸੰਤ ਹਿੰਡੋਲ ਮਹਲਾ੧, ਪੰਨਾ 1171)

*ਸੇਈ ਤੁਧਨੋ ਗਾਵਹਿ ਜੋ ਤੁਧੁ ਭਾਵਨਿ*

*ਰਤੇ ਤੇਰੇ ਭਗਤ ਰਸਾਲੇ॥*

(ਜਪੁਜੀ, ਪੰਨਾ 6)

ਉਸ ਦੇ ਗੁਣ ਗਾਇਨ ਕਰਨ ਨਾਲ ਹੀ ਜੀਵਨ ਮਹਿਸੂਸ ਹੁੰਦਾ ਹੈ :

*ਕਿਉ ਘੜੀ ਬਿਸਾਰੀ ਹਉ ਬਲਿਹਾਰੀ*
*ਹਉ ਜੀਵਾ ਗੁਣ ਗਾਏ॥*

(ਰਾਗ ਤੁਖਾਰੀ ਬਾਰਹਮਾਹ ਮਹਲਾ੧, ਪੰਨਾ 1107)

*ਨਾਨਕ ਗੁਰਮੁਖਿ ਹਰਿ ਰਸਿ ਮਿਲੈ*
*ਜੀਵਾ ਹਰਿ ਗੁਣ ਗਾਇ॥*

(ਸਿਰੀ ਰਾਗ ਮਹਲਾ੧, ਪੰਨਾ 63)

ਭਾਈ ਵੀਰ ਸਿੰਘ[3] ਇਸ ਤੁਕ ਦੀ ਵਿਆਖਿਆ ਕਰਦੇ ਲਿਖਦੇ ਹਨ: ਹਰੀ ਰਸ ਵਿਚ ਰੱਜੇ ਅਘਾਏ ਗੁਰਮੁਖ ਦੀ ਨਿਤ ਦੀ ਕਿਰਿਆ ਹਰੀ ਦੇ ਗੁਣਾਂ ਦਾ ਗਾਇਨ ਕਰਨਾ ਬਣ ਜਾਂਦੀ ਹੈ। ਉਹ ਰੰਗ ਰੰਗਿਆ, ਉਸ ਰਸ ਰਸਿਆ ਹੋਇਆ ਹਰੀ ਦੇ ਗੁਣ ਗਾਇਨ ਦੇ ਸੰਗੀਤਕ ਲਹਿਰੇ ਵਿਚ ਹੁੰਦਾ ਹੈ। ਉਸ ਦੀ ਆਤਮਾ ਤਾਂ ਹਰੀ ਨਾਲ ਅਭੇਦ ਹੋ ਚੁੱਕੀ ਹੁੰਦੀ ਹੈ ਪਰ ਜੀਵਨ ਪ੍ਰਯੰਤ ਉਸ ਦੀਆਂ ਬ੍ਰਿਤੀਆਂ, ਉਸ ਦਾ ਮਨ, ਉਸ ਦਾ ਸਰੀਰ ਤੇ ਹਿਰਦਾ ਹਰੀ ਰੰਗ ਵਿਚ ਰਹਿੰਦੇ ਹਨ। ਜਦ ਤਕ ਸਰੀਰਕ ਕਿਰਿਆ ਚਲਦੀ ਹੈ ਤੇ ਮਨ ਤੇ ਬ੍ਰਿਤੀਆਂ ਹਰੀ ਦੇ ਗੁਣ ਗਾਇਨ ਵਿਚ ਸੰਗੀਤਕ ਲਹਿਰੇ ਵਿਚ ਰਹਿੰਦੀਆਂ ਹਨ, ਉਹ ਸੁੱਕੇ ਰੁੱਖ ਦੀ ਤਰ੍ਹਾਂ ਅਚਲ ਤੇ ਅਕਿਰਿਆਸ਼ੀਲ ਨਹੀਂ ਹੋ ਜਾਂਦਾ। ਉਹ ਰਸ, ਸੁਆਦ, ਗੁਣ ਗਾਇਨ ਦੀ ਝੂੰਮ ਵਿਚ *ਸਫਲਿਓ ਬਿਰਖੁ ਹਰੀਆਵਲਾ* ਹੁੰਦਾ ਹੈ।

ਉਸ ਦੇ ਗੁਣ ਗਾਇਨ ਕਰਨ ਨਾਲ ਮੈਲ ਧੋਤੀ ਜਾਂਦੀ ਹੈ :

*ਹਰਿ ਗੁਣ ਗਾਇ ਮਿਲੈ ਮਲ ਧੋਈ॥*

(ਗਉੜੀ ਮਹਲਾ੧, ਪੰਨਾ 225)

*ਸੂਚੀ ਕਾਇਆ ਹਰਿ ਗੁਣ ਗਾਇਆ॥*

(ਆਸਾ ਮਹਲਾ ੧, ਪੰਨਾ 354)

ਉਸਦੇ ਗੁਣ ਗਾਇਨ ਕਰਨ ਨਾਲ ਛੁਟਕਾਰਾ ਹੋ ਜਾਂਦਾ ਹੈ :

*ਗੁਰਮੁਖ ਛੂਟਸਿ ਹਰਿ ਗੁਣ ਗਾਇ॥*

(ਗਉੜੀ ਮਹਲਾ ੧, ਪੰਨਾ 226)

ਦੁਈ ਦਵੈਤ ਕਾਰਨ ਜਿਹੜਾ ਦੁੱਖ ਹੁੰਦਾ ਹੈ ਉਸ ਨੂੰ ਦੂਰ ਕਰਨ ਲਈ ਗੁਣ ਗਾਇਨ ਕਰਨਾ ਦਵਾਈ ਦਾ ਕਾਰਜ ਕਰਦਾ ਹੈ :

*ਦੂਜੀ ਦੁਰਮਤਿ ਦਰਦੁ ਨ ਜਾਇ॥*
*ਛੂਟੈ ਗੁਰਮੁਖਿ ਦਾਰੂ ਗੁਣ ਗਾਇ॥*

(ਬਿਲਾਵਲ ਮਹਲਾ ੧, ਪੰਨਾ 832)

ਗੁਰੂ ਸਾਹਿਬ ਜਦੋਂ ਵੀ ਉਸ ਦੀ ਨੇੜਤਾ ਮਹਿਸੂਸ ਕਰਦੇ ਹਨ ਉਸ ਦੇ ਗੁਣ ਗਾਇਨ ਕਰਦੇ ਹਨ :

*ਮੇਰੇ ਸੁੰਦਰ ਗਹਿਰ ਗੰਭੀਰ ਲਾਲ॥*
*ਗੁਰਮੁਖਿ ਰਾਮ ਨਾਮ ਗੁਨ ਗਾਏ*
*ਤੂੰ ਅਪਰੰਪਰ ਸਰਬ ਪਾਲ॥*

(ਬਸੰਤ ਮਹਲਾ ੧, ਪੰਨਾ 1169)

*ਮੇਰੀ ਇਛ ਪੁੰਨੀ ਜੀਉ*
*ਹਮ ਘਰਿ ਸਾਜਨੁ ਆਇਆ॥*
*ਮਿਲਿ ਵਰੁ ਨਾਰੀ ਮੰਗਲੁ ਗਾਇਆ॥*
*ਗੁਣ ਗਾਇ ਮੰਗਲੁ ਪ੍ਰੇਮਿ ਰਹਸੀ*
*ਮੁੰਧ ਮਨਿ ਓਮਾਹਓ॥*

(ਗਉੜੀ ਛੰਤ ਮਹਲਾ ੧, ਪੰਨਾ 242)

*ਗਾਵਹੁ ਗਾਵਹੁ ਕਾਮਣੀ ਬਿਬੇਕ ਬੀਚਾਰੁ॥*
*ਹਮਰੈ ਘਰਿ ਆਇਆ ਜਗ ਜੀਵਨੁ ਭਤਾਰੁ॥*

(ਆਸਾ ਮਹਲਾ ੧, ਪੰਨਾ351)

*ਆਵਹੁ ਮੀਤ ਪਿਆਰੇ॥*
*ਮੰਗਲ ਗਾਵਹੁ ਨਾਰੇ॥*
*ਸਚੁ ਮੰਗਲ ਗਾਵਹੁ ਤ ਪ੍ਰਭੁ ਭਾਵਹੁ*
*ਸੋਹਿਲੜਾ ਜੁਗ ਚਾਰੇ॥*

- - - - - - - - - - - - - - -

*ਸਖੀ ਮਿਲਹੁ ਰਸਿ ਮੰਗਲੁ ਗਾਵਹੁ*
*ਹਮ ਘਰਿ ਸਾਜਨੁ ਆਇਆ॥*

(ਸੂਹੀ ਮਹਲਾ ੧, ਪੰਨਾ 764)

ਅਜਿਹੀ ਮਿਲਾਪ ਅਤੇ ਮੰਗਲ ਦੀ ਅਵਸਥਾ ਕਾਰਨ ਹੀ ਉਹ ਆਖਦੇ ਹਨ ਕਿ ਮੈਂ ਬਿਰਹਾ ਦੇ ਗੀਤ ਨਹੀਂ ਗਾਉਂਦਾ ਸਗੋਂ ਜੋ ਗਾਉਂਦਾ ਹਾਂ ਉਹ ਬ੍ਰਹਮ ਬੀਚਾਰ ਹੈ :

*ਗਾਵਹੁ ਗੀਤ ਨ ਬਿਰਹੜਾ ਨਾਨਕ ਬ੍ਰਹਮ ਬੀਚਾਰੋ॥*

(ਵਡਹੰਸ ਮਹਲਾ ੧, ਪੰਨਾ 581)

ਜਦੋਂ ਉਹ ਪਰਮੇਸ਼ਰ ਨੂੰ ਅਨੁਭਵ ਕਰਦੇ ਹਨ ਤਾਂ ਵਿਸਮਾਦਤ ਹੁੰਦੇ ਹਨ। ਇਸ ਅਵਸਥਾ ਨੂੰ ਪ੍ਰਗਟ ਕੇਵਲ ਗਾਇਨ ਰਾਹੀਂ ਹੀ ਕੀਤਾ ਜਾ ਸਕਦਾ ਹੈ :

*ਨਾਨਕ ਸਾਚਿ ਰਤੇ ਬਿਸਮਾਦੀ*
*ਬਿਸਮ ਭਏ ਗੁਣ ਗਾਇਦਾ॥*

(ਮਾਰੂ ਮਹਲਾ ੧, ਪੰਨਾ1036)

*ਆਸਾ ਮਾਹਿ ਨਿਰਾਲਮੁ ਜੋਨੀ*

*ਅਕੁਲ ਨਿਰੰਜਨੁ ਗਾਇਆ॥*

(ਮਾਰੂ ਮਹਲਾ ੧, ਪੰਨਾ 1040)

*ਜਤ ਜਤ ਦੇਖਉ ਤਤ ਤਤ ਤੁਮਹੀ*

*ਅਵਰ ਨ ਦੁਤੀਆ ਗਾਇਆ॥*

(ਮਾਰੂ ਮਹਲਾ ੧, ਪੰਨਾ 1040)

*ਜਾਚਿਕੁ ਸੇਵ ਕਰੇ ਦਰਿ ਹਰਿ ਕੈ*

*ਹਰਿ ਦਰਗਹ ਜਸੁ ਗਾਇਆ॥*

(ਮਾਰੂ ਮਹਲਾ ੧, ਪੰਨਾ 1043)

*ਗੁਣਿ ਗਾਇ ਰਾਮ ਰਸਾਇ ਰਸੀਅਹਿ*

*ਗੁਰ ਗਿਆਨ ਅੰਜਨੁ ਸਾਰਹੇ॥*

(ਤੁਖਾਰੀ ਮਹਲਾ ੧, ਪੰਨਾ 1113)

ਹਰੀ ਦੇ ਗੁਣ ਗਾਉਣ ਨਾਲ ਜਨਮ ਮਰਨ ਸਫ਼ਲ ਹੋ ਜਾਂਦਾ ਹੈ :

*ਜਨਮ ਮਰਣੁ ਪਰਵਾਣੁ ਹਰਿ ਗੁਣ ਗਾਇ ਕੈ॥*

(ਸੂਹੀ ਮਹਲਾ ੧, ਪੰਨਾ 752)

ਹਰੀ ਦੇ ਗੁਣ ਗਾਇਨ ਕਰਨ ਨਾਲ ਉਸ ਦੇ ਰੰਗ ਵਿਚ ਰੰਗੇ ਜਾਈਦਾ ਹੈ ਅਤੇ ਕਦੇ ਪਛਤਾਵਾ ਨਹੀਂ ਹੁੰਦਾ

*ਹਰਿ ਗੁਣ ਗਾਇ ਸਦਾ ਰੰਗ ਰਾਤੇ*

*ਬਹੁੜਿ ਨ ਪਛੋਤਾਈਐ॥*

(ਰਾਮਕਲੀ ਦਖਣੀ ਓਅੰਕਾਰ ਮਹਲਾ ੧, ਪੰਨਾ 935)

*ਗੁਰਮੁਖਿ ਹਰਿ ਗੁਣ ਗਾਇ ਰੰਗਿ ਰੰਗੇਤੜਾ॥*

(ਸੂਹੀ ਮਹਲਾ ੧, ਪੰਨਾ 752)

ਸੰਤ ਜਨਾਂ ਨਾਲ ਮਿਲ ਕੇ ਜੋ ਹਰੀ ਦਾ ਜਸ ਗਾਉਂਦਾ ਹੈ ਉਹ ਗੁਰਮੁਖ ਬਣ ਜਾਂਦਾ ਹੈ ਅਤੇ ਪਰਮੇਸ਼ਰ ਨੂੰ ਪ੍ਰਾਪਤ ਕਰ ਲੈਂਦਾ ਹੈ।

*ਸੰਤ ਜਨਾ ਕਉ ਮਿਲ ਰਹੈ ਧਨੁ ਧਨੁ ਜਸ ਗਾਏ॥*

*ਆਦਿ ਪੁਰਖੁ ਅਪਰੰਪਰਾ ਗੁਰਮੁਖਿ ਹਰਿ ਪਾਏ॥*

(ਆਸਾ ਮਹਲਾ ੧, ਪੰਨਾ 422)

*ਸਚੁ ਤੀਰਥਿ ਨਾਵਹੁ ਹਰਿ ਗੁਣ ਗਾਵਹੁ॥*

*ਤਤੁ ਵੀਚਾਰਹੁ ਹਰਿ ਲਿਵ ਲਾਵਹੁ॥*

(ਮਾਰੂ ਮਹਲਾ ੧, ਪੰਨਾ 1030)

ਜਿਹੜਾ ਸੱਚੀ ਬਾਣੀ ਦੁਆਰਾ ਹਰੀ ਦੇ ਗੁਣ ਗਾਇਨ ਕਰਦਾ ਹੈ । ਉਸ ਦੀ ਤ੍ਰਿਸਨਾ, ਦਵੈਤ ਖਤਮ ਹੋ ਜਾਂਦੀ ਹੈ। ਨਾਮੁ ਹਿਰਦੇ ਵਿਚ ਵਸ ਜਾਂਦਾ ਹੈ :

*ਤ੍ਰਿਸਨਾ ਅਗਨਿ ਸਬਦਿ ਬੁਝਾਏ॥*

*ਦੂਜਾ ਭਰਮੁ ਸਹਿਜ ਸੁਭਾਏ॥*

*ਗੁਰਮਤੀ ਨਾਮੁ ਰਿਦੈ ਵਸਾਏ॥*

*ਸਾਚੀ ਬਾਣੀ ਹਰਿ ਗੁਣ ਗਾਏ॥*

(ਗਉੜੀ ਮਹਲਾ ੧, ਪੰਨਾ 223)

*ਨਾਨਕ ਨਾਮੁ ਮਿਲੈ ਗੁਣ ਗਾਇ॥*

(ਗਉੜੀ ਮਹਲਾ ੧, ਪੰਨਾ 225)

ਕੇਵਲ ਗਾਇਨ ਬਾਰੇ ਹੀ ਨਹੀਂ ਸਗੋਂ ਗੁਰੂ ਨਾਨਕ ਬਾਣੀ ਵਿਚ ਵਾਦਨ ਅਤੇ ਨਰਿੱਤ ਬਾਰੇ ਵੀ ਮਹੱਤਵਪੂਰਨ ਕਥਨ ਪ੍ਰਾਪਤ ਹੁੰਦੇ ਹਨ :

*ਵਾਜਾ ਮਤਿ ਪਖਾਵਜੁ ਭਾਉ॥*

*ਹੋਇ ਅਨੰਦੁ ਸਦਾ ਮਨਿ ਚਾਉ॥*

*ਏਹਾ ਭਗਤਿ ਏਹੋ ਤਪ ਤਾਉ॥*

*ਇਤੁ ਰੰਗਿ ਨਾਚਹੁ ਰਖਿ ਰਖਿ ਪਾਉ॥ ੧॥*

*ਪੂਰੇ ਤਾਲ ਜਾਣੈ ਸਾਲਾਹ॥*

*ਹੋਰੁ ਨਚਣਾ ਖੁਸੀਆ ਮਨ ਮਾਹ ॥੧ ॥ ਰਹਾਉ॥*

*ਸਤੁ ਸੰਤੋਖੁ ਵਜਹਿ ਦੁਇ ਤਾਲ॥*

*ਪੈਰੀ ਵਾਜਾ ਸਦਾ ਨਿਹਾਲ॥*

*ਰਾਗੁ ਨਾਦੁ ਨਹੀ ਦੂਜਾ ਭਾਉ॥*

*ਇਤੁ ਰੰਗਿ ਨਾਚਹੁ ਰਖਿ ਰਖਿ ਪਾਉ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 350)

*ਤੂਟੀ ਤੰਤੁ ਰਬਾਬ ਕੀ ਵਾਜੈ ਨਾਹੀ ਵਿਜੋਗ।*

*ਵਿਛੁੜਿਆ ਮੇਲੈ ਪ੍ਰਭੂ ਨਾਨਕ ਕਰਿ ਸੰਜੋਗ॥*

(ਰਾਮਕਲੀ ਦਖਣੀ ਓਅੰਕਾਰ ਮਹਲਾ ੧, ਪੰਨਾ 934)

ਰਬਾਬ ਦੀ ਉਦਾਹਰਣ ਦੇ ਕੇ ਸਮਝਾਉਂਦੇ ਹਨ ਕਿ ਜਿਵੇਂ ਰਬਾਬ ਦੀ ਤਾਰ ਟੁੱਟੀ ਹੋਵੇ ਤਾਂ ਉਹ ਟੁੱਟਣ ਕਰਕੇ ਨਹੀਂ ਵੱਜਦੀ। ਇਸੇ ਤਰ੍ਹਾਂ ਮਨ ਦੀ ਤਾਰ ਜਦੋਂ ਪ੍ਰਭੂ ਨਾਲ ਨਹੀਂ ਜੁੜਦੀ ਤਾਂ ਸ਼ਬਦ ਦਾ ਨਾਦ ਨਹੀਂ ਹੁੰਦਾ। ਪ੍ਰਭੂ ਆਪ ਸੰਜੋਗ ਬਣਾ ਕੇ ਵਿਛੜਿਆਂ ਨੂੰ ਆਪਣੇ ਨਾਲ ਮਿਲਾ ਲੈਂਦਾ ਹੈ।

*ਉਤਰਿ ਅਵਘਟਿ ਸਰਵਰਿ ਨ੍ਹਾਵੈ॥*

*ਬਕੈ ਨਾ ਬੋਲੈ ਹਰਿ ਗੁਣ ਗਾਵੈ॥*

- - - - -   - - - -   - - - -

*ਦਰਸਨੁ ਆਪਿ ਸਹਜ ਘਰਿ ਆਵੈ॥*

*ਨਿਰਮਲ ਬਾਣੀ ਨਾਦੁ ਵਜਾਵੈ॥*

- - - - - - - -   - - - - -

*ਕਿਸੁ ਨੇੜੈ ਕਿਸੁ ਆਖਾ ਦੂਰਿ*

*ਨਿਧਿ ਗੁਣ ਗਾਵਾ ਦੇਖਿ ਹਦੂਰਿ॥*

(ਆਸਾ ਮਹਲਾ ੧, ਪੰਨਾ 411)

ਭਾਈ ਵੀਰ ਸਿੰਘ[4] ਅਨੁਸਾਰ ਗੁਰੂ ਨਾਨਕ ਦੇਵ ਜੀ ਉਪਰੋਕਤ ਤੁਕਾਂ ਵਿਚ (ਪ੍ਰਮੇਸ਼ਰ ਦੀ) ਪ੍ਰਾਪਤੀ ਦਾ ਸਾਧਨ ਦਸਦੇ ਹਨ ਜੋ ਉਸ ਨੂੰ ਸਾਰੇ ਗੁਣਾਂ ਦਾ ਵਸਫਾਂ, ਸਾਰੇ ਸਰੂਪਾਂ, ਸਾਰੇ ਰੰਗ ਪਹਿਲੂਆਂ ਦਾ ਗੁਣ ਨਿਧਿ ਜਾਣ ਕੇ ਉਸ ਦੇ ਗੁਣ ਗਾਇਨ ਕਰਨੇ, ਇਹ ਤਰੀਕਾ ਵਿਸਮਾਦ ਦਾ ਹੈ। ਗੁਣ ਗਾਇਨ ਨਾਲ ਪਹਿਲਾਂ ਮਨ ਦੀ ਮੈਲ ਉਤਰਦੀ ਹੈ, ਫੇਰ ਅਸਚਰਜ ਵਿਚ ਪ੍ਰਵੇਸ਼ ਹੁੰਦਾ ਹੈ, ਫਿਰ ਵਿਸਮਾਦ ਲੱਗਦਾ ਹੈ, ਫੇਰ ਪ੍ਰਤੱਖ ਪ੍ਰਤੀਤੀ, ਪ੍ਰਤੱਖ ਅਨੁਭਵਤਾ ਖੁਲ੍ਹਦੀ ਹੈ, ਸਹਜ ਰੰਗ ਬੱਝਦਾ ਹੈ, ਉਹ ਫਿਰ ਹਰ ਰੰਗੇ ਹਰ ਜਾਏ ਦਿਸਦਾ ਹੈ। ਸੋ ਇਸ ਪ੍ਰਾਪਤੀ ਲਈ ਆਪ ਅਮਲ ਕਰਨ ਯੋਗ ਵਿਧੀ ਦਸਦੇ ਹਨ : ਹਰੀ ਗੁਣ ਗਾਓ।

ਗੁਰੂ ਨਾਨਕ ਦੇਵ ਜੀ ਦੇ ਹੇਠ ਸਲੋਕ ਦੀ ਸ਼ਬਦਾਵਲੀ ਵਿਚੋਂ ਵੀ ਸੰਗੀਤ ਦੀ ਗੂੰਜ ਸੁਣਾਈ ਦੇ ਰਹੀ ਹੈ :

*ਪੰਚ ਸਬਦ ਧੁਨਿਕਾਰ ਧੁਨਿ ਤਹਿ ਬਾਜੈ ਸਬਦੁ ਨੀਸਾਣੁ॥*
*ਦੀਪ ਲੋਅ ਪਾਤਾਲ ਤਹ ਖੰਡ ਮੰਡਲ ਹੈਰਾਨੁ॥*
*ਤਾਰ ਘੋਰ ਬਾਜਿੰਤ੍ਰ ਤਹਿ ਸਾਚਿ ਤਖਤਿ ਸੁਲਤਾਨ॥*
*ਸੁਖਮਨ ਕੈ ਘਰਿ ਰਾਗੁ*
*ਸੁਨਿ ਸੁੰਨਿ ਮੰਡਲਿ ਲਿਵ ਲਾਇ॥*

(ਸਲੋਕ ਮਹਲਾ ੧, ਪੰਨਾ 1291)

ਇਸ ਤਰ੍ਹਾਂ ਗੁਰੂ ਨਾਨਕ ਬਾਣੀ ਵਿਚ ਸੰਗੀਤ ਦੇ ਕਿਰਿਆਤਮਕ ਅਤੇ ਭਾਵਨਾਤਮਕ ਪੱਖ ਬਾਰੇ ਬੜੇ ਮਹੱਤਵਪੂਰਨ ਕਥਨ ਦ੍ਰਿਸ਼ਟੀਗੋਚਰ ਹੁੰਦੇ ਹਨ ਜਿਸ ਤੋਂ ਗੁਰੂ ਨਾਨਕ ਸਾਹਿਬ ਦੀ ਅਧਿਆਤਮਕ ਪਰੰਪਰਾ ਵਿਚ ਸੰਗੀਤ ਦਾ ਇਕ ਵਿਸ਼ੇਸ਼ ਸਥਾਨ ਸਥਾਪਤ ਹੁੰਦਾ ਨਜ਼ਰ ਆਉਂਦਾ ਹੈ। ਇਸੇ ਨੂੰ ਅਧਾਰ ਬਣਾ ਕੇ ਬਾਅਦ ਵਾਲੇ ਗੁਰੂ ਸਾਹਿਬਾਨ ਨੇ ਆਪਣੀ ਬਾਣੀ ਵਿਚ ਕੀਰਤਨ ਬਾਰੇ ਵਿਚਾਰ ਪ੍ਰਗਟ ਕੀਤੇ।

***ਹਵਾਲੇ ਅਤੇ ਟਿੱਪਣੀਆਂ***


1. ਜਨਮ ਸਾਖੀ ਪਰੰਪਰਾ, ਮਿਹਰਬਾਨ ਵਾਲੀ ਜਨਮ ਸਾਖੀ ਪੰਨਾ 198
2. ਭਾਈ ਵੀਰ ਸਿੰਘ, ਸੰਬਯਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸੈਂਚੀ ਦੂਜੀ, ਪੰਨਾ 592
3. ਉਹੀ ਪੰਨਾ 592
4. ਭਾਈ ਵੀਰ ਸਿੰਘ, ਸੰਬਯਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਸੈਂਚੀ ਛੇਵੀਂ ਪੰਨਾ 2581



*422, ਸੈਕਟਰ 15-ਏ, ਚੰਡੀਗੜ੍ਹ*

# ਗੁਰਮਤਿ ਸੰਗੀਤ

## ਹਰ ਕਿਸ਼ਨ ਸਿੰਘ ਧੂਪੀਆ

ਫਰੰਗੀ ਰਾਜ ਵਲੋਂ ਭੇਜੇ ਦੂਤਾਂ ਨੇ ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰ ਵਿਚ ਰਹਿ ਕਰਕੇ ਗੁਰਬਾਣੀ, ਗੁਰਇਤਿਹਾਸ ਅਤੇ ਸਿੱਖ ਕੌਮ ਦੀ ਜਾਣਕਾਰੀ ਹਾਸਲ ਕੀਤੀ। ਫਿਰ ਇਹ ਸਾਰਾ ਕੁਝ ਆਪਣੇ ਆਪਣੇ ਢੰਗ ਨਾਲ ਦਰਸਾਣ ਲੱਗ ਪਏ। ਇਸ ਤੱਤ ਤੋਂ ਪੂਰਾ ਗਿਆਨ ਉਨ੍ਹਾਂ ਹਾਸਲ ਕਰ ਲਿਆ ਕਿ ਇਹ ਕੌਮ ਸਾਰੀ ਤਾਕਤ ਅੰਮ੍ਰਿਤ ਤੇ ਗੁਰਮਤਿ ਸੰਗੀਤ ਰਾਹੀਂ ਲੈਂਦੀ ਹੈ। ਸ਼ੇਰਾਂ ਨੂੰ ਗਿੱਦੜ ਬਨਾਉਣ ਦੇ ਨਕਸ਼ੇ ਉਲੀਕਣੇ ਸ਼ੁਰੂ ਹੋ ਗਏ।

ਅੱਜ ਤਕ ਭਾਰਤ ਆਪਣੇ ਖੇਤਰ ਵਿਚੋਂ ਗਵਾਂਢੀ ਤੇ ਹੋਰ ਦੇਸ਼ਾਂ ਨਾਲ ਸਮਝੌਤਾ ਕਾਇਮ ਰੱਖਣ ਲਈ ਹਰ ਸਮੇਂ ਕੁਝ ਧਰਤੀ ਦਾ ਭਾਗ ਯਾਂ ਬਹੁਮੁੱਲੀ ਸੰਪਤੀ, ਕੀਮਤੀ ਹੀਰੇ ਮੋਤੀ ਦੇ ਕਰਕੇ ਹਜ਼ਾਰਾਂ ਸਾਲ ਬਤੀਤ ਕਰਦਾ ਰਿਹਾ। ਸਾਡੀ ਸੀਮਾ ਈਰਾਨ ਤੋਂ ਅੰਮ੍ਰਿਤਸਰ ਪੁੱਜ ਗਈ। ਕੇਵਲ ਮਹਾਰਾਜਾ ਰਣਜੀਤ ਸਿੰਘ ਇਕੋ ਸ਼ਖਸ਼ੀਅਤ ਹੋਈ ਹੈ ਜਿਸ ਨੇ ਨਾਲ ਲੱਗਦੇ ਇਲਾਕੇ ਆਪਣੇ ਰਾਜ ਭਾਗ ਵਿਚ ਸ਼ਾਮਲ ਕੀਤੇ ਤੇ ਲੁਟੇਰਿਆਂ ਕੋਲੋਂ ਦੇਸ਼ ਦੀ ਸੰਪਤੀ ਵਾਪਸ ਲੈ ਕੇ ਵਾਧਾ ਕੀਤਾ। ਇਹ ਕਰਾਮਾਤੀ ਸ਼ਕਤੀ ਗੁਰੂ ਨਾਨਕ ਨੇ ਦੇਸ਼ ਬਦੇਸ਼ਾਂ ਵਿਚ ਜਾ ਕੇ ਅਤੇ ਹੋਰ ਉਸ ਵੇਲੇ ਦੇ ਸਾਰੇ ਧਰਮਾਂ ਦੀ ਪੂਰੀ ਜਾਣਕਾਰੀ ਲੈਣ ਤੋਂ ਬਾਅਦ ਸਿੱਖ ਕੌਮ ਨੂੰ ਦਿੱਤੀ ਤੇ ਗੁਰੂ ਸਾਹਿਬਾਨ ਨੇ ਇਸ ਆਸ਼ੇ ਦੀ ਪੂਰਤੀ ਲਈ ਸਮੇਂ ਅਨੁਸਾਰ ਕਈ ਘਾਲਾਂ ਝੱਲੀਆਂ ਤੇ ਕਸ਼ਟ ਪਰਮ ਅਨੰਦ ਵਿਚ ਗਾਉਂਦੇ ਸਹਾਰੇ । ਸਾਡੀ ਕੌਮ ਨੂੰ ਕੁਰਬਾਨੀਆਂ ਨੇ ਤਾਕਤ ਭਰਕੇ ਬਦਲਿਆ। ਉਹ ਵੀ ਸਾਨੂੰ ਗਾਉਂਦੇ ਪਰਵਾਨ ਕਰਨ ਦਾ ਢੰਗ ਦਸਿਆ ਗਿਆ ਅਤੇ ਖੁਸ਼ੀ ਗਮੀ ਹਰ ਸਮੇਂ ਗੁਰਮਤਿ ਸੰਗੀਤ ਦਾ ਆਸਰਾ ਲੈਣ ਦੀ ਪਰੰਪਰਾ ਬਣਾਈ ਗਈ। ਕਾਸ਼! ਫਰੰਗੀ ਰਾਜ ਤੋਂ ਬਾਅਦ ਸਾਡੀ ਸੁਰਤ ਜਾਗੀ ਹੁੰਦੀ ਅਤੇ ਹੌਲੇ ਹੌਲੇ ਆਪਣੀ ਪਰੰਪਰਾ ਅਪਣਾਉਂਦੇ।

### ਸੇਵਕ ਕੀ ਓੜਕ ਨਿਬਹੀ ਪ੍ਰੀਤ

ਸ੍ਰ. ਹਰਕਿਸ਼ਨ ਸਿੰਘ ਧੂਪੀਆ, 9 ਫਰਵਰੀ 2007 ਨੂੰ ਅਕਾਲ ਚਲਾਣਾ ਕਰ ਗਏ। ਸਾਡੇ ਪਾਸੋਂ ਇਕ ਨਿਸ਼ਕਾਮ, ਸੁਹਿਰਦ, ਗੁਰਮਤਿ ਸੰਗੀਤ ਪ੍ਰਤੀ ਅਥਾਹ ਲਗਨ ਰੱਖਣ ਵਾਲਾ ਕੀਰਤਨ ਸੇਵੀ ਖੁਸ ਗਿਆ ਹੈ। ਵਾਹਿਗੁਰੂ ਅੱਗੇ ਅਰਦਾਸ ਹੈ ਕਿ ਆਪਣੇ ਇਸ ਸੇਵਕ ਦੀ ਘਾਲਿ ਥਾਇ ਪਾਉਣ! ਪੇਸ਼ ਹੈ ਉਨ੍ਹਾਂ ਦਾ ਆਖਰੀ ਲੇਖ:

*- ਸੰਪਾਦਕ*

ਗੁਰਮਤਿ ਸੰਗੀਤ ਪਿਛਲੇ ਤਿੰਨ ਸੌ ਸਾਲਾਂ ਵਿਚ ਪ੍ਰਮੁੱਖ ਮਾਧਿਅਮ ਰਿਹਾ ਜਿਸ ਨੇ ਪੰਜਾਬ ਵਿਚ ਕਾਇਰਤਾ ਨੂੰ ਖਤਮ ਕਰਕੇ ਵਿਦਵਤਾ ਭਰੀ ਸ਼ਕਤੀ ਵਿਚ ਬਦਲ ਦਿੱਤਾ ਅਤੇ ਸੁਚੱਜਾ ਜੀਵਨ ਬਸਰ ਕਰਨ ਦੀ ਜਾਚ ਸਿਖਾਈ। ਅੰਗਰੇਜ਼ੀ ਰਾਜ ਆਉਂਦਿਆਂ ਹੀ ਸਾਡੇ ਧਰਮ ਮੰਦਰ ਗੁਰਦਵਾਰੇ 7/8 ਵਜੇ ਖੁੱਲਣ ਲੱਗ ਪਏ ਤੇ ਆਸਾ ਦੀ ਵਾਰ ਕੁਝ ਪਉੜੀਆਂ ਲਈ ਸਮਾਂ ਸੂਰਜ ਚੜ੍ਹਨ ਬਾਅਦ ਹੋਇਆ। ਜਦ ਸਹੀ ਪਰਚਾਰ ਨਾ ਰਿਹਾ, ਉਸ ਦੇ ਢੰਗ ਵੀ ਬਦਲ ਗਏ ਤਾਂ ਗੁਲਾਮੀ ਮਜ਼ਬੂਤ ਹੋਣੀ ਲਾਜ਼ਮੀ ਸੀ। ਵੀਹਵੀਂ ਸਦੀ ਦੇ ਸ਼ੁਰੂ ਵਿਚ ਪਹਿਲੀ ਜਰਮਨ ਲੜਾਈ ਨੇ ਅੰਗਰੇਜ਼ਾਂ ਨੂੰ ਬਹਾਦਰ ਕੌਮਾਂ ਦੀ ਭਰਤੀ ਲਈ ਮਜ਼ਬੂਰ ਕੀਤਾ ਤੇ ਪੰਜਾਬ ਵਿਚ ਧਰਮ ਵਿਰੁੱਧ ਸਾਜ਼ਿਸ਼ਾਂ ਦਾ ਰੋਸ ਭਰਤੀ ਲਈ ਵਿਘਨ ਪਾ ਰਿਹਾ ਸੀ। ਹਕੂਮਤ ਨੇ ਖੁਸ਼ ਕਰਨ ਵਾਸਤੇ ਫੌਜ ਨਾਲ ਚੱਲਦੇ ਫਿਰਦੇ ਗੁਰਦੁਆਰੇ ਟਰੱਕਾਂ ਵਿਚ ਸ਼ੁਰੂ ਕੀਤੇ। ਆਪਣੇ ਢੰਗ ਨਾਲ ਪ੍ਰਚਾਰ ਕਰਨ ਵਾਲੇ ਗਰੰਥੀ, ਕਥਾਕਾਰ, ਰਾਗੀ ਸਿਖਲਾਈ ਬਾਦ ਹਰ ਕੰਪਨੀ ਵਿਚ ਸ਼ਾਮਲ ਕੀਤੇ। ਅੰਮ੍ਰਿਤ ਸੰਚਾਰ ਕਰਕੇ ਜਰਮਨ ਤੇ ਹੋਰ ਦੁਸ਼ਮਨਾਂ ਨਾਲ ਝੂਜਨ ਲਈ ਸਿੱਖ ਫੌਜ ਨੂੰ ਕੁਰਬਾਨੀ ਦੇ ਬਕਰੇ ਤਿਆਰ ਕੀਤਾ। ਛੋਟੇ ਗੁਰੂ ਗਰੰਥ ਸਾਹਿਬ ਦਸਤਾਰ ਵਿਚ ਸਜਾਣ ਲਈ ਫੌਜੀਆਂ ਨੂੰ ਦਿੱਤੇ ਗਏ ਤੇ ਕੁਝ ਰਾਗੀਆਂ ਨੂੰ ਸਿਖਲਾਈ ਦੇ ਕੇ ਰੇਡੀਓ ਸਟੇਸ਼ਨ ਰਾਹੀਂ ਕੀਰਤਨ ਸੁਣਵਾ ਕੇ ਕੌਮ ਦਾ ਰੋਸ ਦੂਰ ਕੀਤਾ ਅਤੇ ਭਰਪੂਰ ਭਰਤੀ ਕਰਕੇ ਸਿੱਖਾਂ ਦੀ ਫੌਜ ਬਣਾਈ ਗਈ। (ਹਜ਼ਾਰਾਂ ਦੀ ਗਿਣਤੀ ਵਿਚ ਫਰਾਂਸ ਨੇੜੇ ਯੂਰਪ ਵਿਚ ਅੱਜ ਵੀ ਸਸਕਾਰਘਾਟ ਕਬਰਾਂ ਦੇਖ ਸਕਦੇ ਹਾਂ)

ਇਹਨਾਂ ਸਾਜ਼ਿਸ਼ਾਂ ਨਾਲ ਕੁਝ ਸ਼ਿਕਾਰ ਹੋ ਗਏ ਤੇ ਕੁਝ

ਬਚ ਨਿਕਲੇ ਪਰ ਅਸੀਂ ਸੂਝ ਤੋਂ ਹਾਲੇ ਵੀ ਦੂਰ ਹਾਂ। ਅਸੀਂ ਅੰਮ੍ਰਿਤ ਵੇਲਾ ਕਈਆਂ ਨੇ ਗਵਾ ਲਿਆ, ਬਹੁ ਗਿਣਤੀ ਨੇ ਗੁਰਮਤਿ ਸੰਗੀਤ ਆਪ ਸਭ ਨਾਲ ਮਿਲ ਕੇ ਸੰਗਤੀ ਰੂਪ ਵਿਚ ਉਚੀ ਗਾਉਣਾ ਛੱਡ ਦਿੱਤਾ। ਯਕੀਨ ਕਰਨਾ ਕਿ ਪਾਂਧੇ ਕੋਲੋਂ ਸਿੱਖੇ ਪਹਾੜੇ ਅੱਜ ਵੀ ਸਾਰੀ ਉਮਰ ਇਸ ਲਈ ਯਾਦ ਹਨ ਕਿ ਮਿਲ ਕੇ ਉਚੀ ਪੁਕਾਰੇ ਸਨ ਇਸੇ ਤਰ੍ਹਾਂ ਸਾਡੇ ਹਿਰਦੇ ਵਿਚ ਓਹ ਚੀਜ਼ ਵਸਦੀ ਹੈ ਜੋ ਬਾਰ ਬਾਰ ਉਚੀ ਪੁਕਾਰੀ ਜਾਏ। ਇਸ ਲਈ ਗੁਰਮਤਿ ਸੰਗੀਤ ਪੁਰਾਣੀ ਰਵਾਇਤ ਅਨੁਸਾਰ ਸੁਰਜੀਤ ਕਰਨ ਲਈ ਹੇਠ ਲਿਖਤ ਕੋਸ਼ਿਸ਼ ਹਰ ਵਸੀਲੇ ਅਨੁਸਾਰ ਕੀਤੀ ਜਾਵੇ। ਦਾਸ ਦੀ ਸਭਨਾ ਯੋਗ ਇਹ ਬੇਨਤੀ ਹੈ:

1. ਸਾਡੇ ਕੀਰਤਨ ਕਾਰ ਬਹੁਤ ਸਾਰੇ ਰਾਗ ਵਿੱਦਿਆ ਤੋਂ ਵਾਂਝੇ ਹੋ ਗਏ ਹਨ ਤੇ ਫਿਲਮੀ ਤਰਜ਼ਾਂ ਅਨੁਸਾਰ ਥੋੜੇ ਸ਼ਬਦ ਘੜੀ ਮੁੜੀ ਪੜ੍ਹੀ ਜਾ ਰਹੇ ਹਨ। ਇਹ ਉਨ੍ਹਾਂ ਦਾ ਕਸੂਰ ਨਹੀਂ। ਰਾਗ ਵਿੱਦਿਆ ਦਾ ਗਿਆਨ ਸੁਨਣ ਬਾਅਦ ਮਿਲਦਾ ਹੈ ਇਕ ਚੰਗਾ ਸਰੋਤਾ ਹੀ ਗੱਵਈਆ ਬਣਦਾ ਹੈ। ਇਸੇ ਕਰਕੇ ਬਹੁਤੇ ਕੀਰਤਨ ਕਰਨ ਵਾਲੇ ਆਪ ਨਿਕਟਵਰਤੀ ਪਿਤਾ/ ਕੋਈ ਉਸਤਾਦ ਰਾਹੀਂ ਰਾਗ ਵਿੱਦਿਆ ਹਾਸਲ ਕਰਦੇ ਸਨ ਤੇ ਬਚਪਨ ਤੋਂ ਹੀ ਰਿਆਜ਼ ਕਰਦੇ ਸਨ। ਪਰ ਅੱਜ ਮਹਿੰਗਾਈ ਦੇ ਸਮੇਂ ਬਹੁਤ ਘੱਟ ਬੱਚੇ ਟਕਸਾਲਾਂ ਵਿਚ ਜਾਂਦੇ ਹਨ। ਇਹ ਉੱਦਮ ਪੰਜਾਬੀ ਯੂਨੀਵਰਸਿਟੀ ਤੇ ਪੰਜਾਬ ਐਜੂਕੇਸ਼ਨ ਬੋਰਡ ਦਾ ਬਹੁਤ ਸ਼ਲਾਘਾਯੋਗ ਹੈ ਕਿ ਆਮ ਵਿੱਦਿਆ ਦੀ ਤਰ੍ਹਾਂ ਗੁਰਮਤਿ ਸੰਗੀਤ ਦੀਆਂ ਪ੍ਰੀਖਿਆ ਪਾਸ ਕਰਕੇ ਇਕ ਚੰਗਾ ਨਾਗਰਿਕ ਬਣ ਸਕਣਗੇ। ਇਸ ਤੋਂ ਉਪਰੰਤ ਵੱਡੀ ਉਮਰ ਦੇ ਕੀਰਤਨਕਾਰਾਂ ਲਈ (Refresher Courses) ਚੱਲਦੇ ਰਹਿਣੇ ਚਾਹੀਦੇ ਹਨ ਜਿਸ ਨਾਲ ਉਹ ਸਮੇਂ ਸਮੇਂ ਇਨ੍ਹਾਂ ਤੋਂ ਚੰਗੀ ਜਾਣਕਾਰੀ ਲੈ ਕੇ ਅੱਗੇ ਵਧ ਸਕਣਗੇ। ਜਦ ਇਨ੍ਹਾਂ ਦਾ ਕੀਰਤਨ ਸੰਗਤਾਂ ਵਿਚ ਪ੍ਰਭਾਵ ਹੋਵੇਗਾ, ਤਾਂ ਸਾਡੇ ਦੇਸ਼ ਕੌਮ ਦੀ ਸੇਵਾ ਵਿਚ ਵੀ ਫ਼ਰਕ ਪਵੇਗਾ।

2. ਕੀਰਤਨਕਾਰ ਵੱਧ ਤੋਂ ਵੱਧ 20/30 ਕੈਸਟਾਂ ਖਰੀਦ ਕਰ ਸਕਦੇ ਹਨ ਜਦਕਿ ਬਹੁਤ ਸਾਰਾ ਪੁਰਾਣਾ ਵਿਰਸਾ ਵੱਖਰੇ ਵੱਖਰੇ ਅਸਥਾਨਾਂ ਪੁਰ ਘਰਾਂ ਵਿਚ ਬੰਦ ਧੂੜ ਖਾਂਦਾ ਰਿਹਾ। ਇਹ ਸਾਰੇ ਪੁਰਾਣੇ ਤਵੇ, ਕੈਸਟ, ਸਪੂਲ, ਤੇ Drum ਦੀ ਰਿਕਾਰਡਿੰਗ ਨੂੰ ਇਕ ਥਾਂ ਇਕੱਠਾ ਕਰਕੇ ਸੀ.ਡੀ. ਵਿਚ ਸਸਤੇ ਢੰਗ ਨਾਲ ਪ੍ਰਚਲਤ ਕਰਨ ਲਈ ਉਪਰਾਲਾ ਦਾਸ ਨੇ ਕੀਤਾ ਹੈ। ਭਾਵੇਂ ਉਸ ਵੇਲੇ ਦੀ ਰਿਕਾਰਡਿੰਗ ਬਹੁਤ ਸਾਫ ਨਹੀਂ ਸੀ ਅਤੇ ਕਰਨ ਵਾਲੇ ਬਹੁਤ ਜਾਣਕਾਰ ਨਹੀਂ ਸਨ ਪਰ ਪੁਰਾਤਨ ਕੀਰਤਨਕਾਰਾਂ ਕੋਲੋਂ ਬੇਅੰਤ ਧੁਨਾਂ ਤੇ ਰੀਤਾਂ ਪ੍ਰਾਪਤ ਹੋਈਆਂ ਹਨ ਜੋ ਸੈਂਕੜਿਆਂ ਦੀ ਗਿਣਤੀ ਵਿਚ ਸੀ.ਡੀ. ਰਾਹੀਂ ਇਸ ਯੂਨੀਵਰਸਿਟੀ ਦੀ ਲਾਇਬ੍ਰੇਰੀ ਵਿਚ ਰੱਖ ਦਿੱਤੀਆਂ ਗਈਆਂ ਹਨ। ਇਸੇ ਤਰ੍ਹਾਂ ਕੀਰਤਨਕਾਰਾਂ ਨੂੰ ਸੀ.ਡੀ. ਬਗੈਰ ਭੇਟਾ ਲਏ ਵੰਡੀਆਂ ਜਾ ਰਹੀਆਂ ਹਨ।

3. ਇਸ ਮਹਾਨ ਕੰਮ ਵਿਚ ਪਾਤਸ਼ਾਹ ਨੇ ਆਪ ਸਹਾਈ ਹੋ ਕੇ ਗੁਰਮਤਿ ਸੰਗੀਤ ਦੀ ਸੰਭਾਲ ਕਰਨ ਵਾਸਤੇ ਐਸੇ ਵਸੀਲੇ ਬਣਾਏ ਹਨ ਕਿ ਬਿਆਨ ਕਰਨਾ ਸੰਭਵ ਨਹੀਂ ਹੈ। ਗੁਰਬਾਣੀ ਕੀਰਤਨ ਦਾ ਬਹੁਤ ਕੁਝ ਰੇਡੀਓ ਸਟੇਸ਼ਨਾਂ ਤੋਂ ਪਰਾਪਤ ਹੋਇਆ ਹੈ। ਜਿਸ ਵਿਚੋਂ ਲਾਹੌਰ ਤੋਂ ਭਾ ਸੰਤਾ ਸਿੰਘ ਜੀ ਦੀ ਗਾਈ ਆਸਾ ਦੀ ਵਾਰ ਤੇ ਕੁਝ ਸ਼ਬਦ ਅਨਮੋਲ ਹੀਰੇ ਹਨ। ਮੇਰੇ ਮਹਿਕਮੇ ਦੇ ਸਹਿਯੋਗੀਆਂ ਨੇ ਖ਼ਾਸਕਰ ਭਾ. ਜੋਧ ਸਿੰਘ ਜੀ ਤੇ ਸ. ਜੁਗਿੰਦਰ ਸਿੰਘ ਜੀ ਲਿਖਾਰੀ ਦੇ ਪਰਿਵਾਰਾਂ ਨੇ ਆਪਣਾ ਇਕੱਠਾ ਕੀਤਾ ਹੋਇਆ ਖ਼ਜ਼ਾਨਾ ਮੇਰੇ ਹਵਾਲੇ ਕਰ ਦਿੱਤਾ। ਇਸੇ ਤਰ੍ਹਾਂ ਪੰਜਾਬ ਐਂਡ ਸਿੰਧ ਬੈਂਕ Orchives ਦਾ ਜਲੰਧਰ ਦੇ ਪ੍ਰਬੰਧਕਾਂ ਵਿਚੋਂ ਸ. ਮਹਿੰਦਰ ਸਿੰਘ ਬਿੰਦਰਾ ਤੇ ਪ੍ਰੋ: ਪ੍ਰਮਜੋਤ ਸਿੰਘ ਜੀ ਨੇ ਬਹੁਤ ਵੱਡਾ ਹਿੱਸਾ ਪਾਇਆ ਹੈ। ਜਿਸ ਵਿਚ ਬਿੰਦਰਾ ਸਾਹਿਬ ਦੀ ਸੰਭਾਲ ਕਰਨ ਲਈ ਕੀਤੀ ਘਾਲ ਦਾ ਜਿੰਨਾ ਵੀ ਜ਼ਿਕਰ ਕਰਾਂ ਉਹ ਥੋੜਾ ਹੈ। ਕਿਉਂਕਿ ਹੁਣ ਬਹੁ ਗਿਣਤੀ ਵਿਚ ਪੁਰਾਤਨ ਕੀਤਰਨਕਾਰਾਂ ਦੇ ਸ਼ਬਦ ਹਰ ਗੁਰਮਤਿ ਸੰਗੀਤ ਦੇ ਵਿਦਿਆਰਥੀ ਨੂੰ ਉਪਲਭਧ ਹੋ ਗਏ ਹਨ ਨਾਲ ਨਾਲ ਪੁਰਾਤਨ ਕੀਰਤਨਕਾਰਾਂ ਕੋਲੋਂ ਗੁਰਬਾਣੀ ਨੂੰ ਪ੍ਰਮਾਣ ਦੇ ਕਰਕੇ ਸਮਝਾਣ ਦੇ ਢੰਗ ਚੰਗੇ ਵੱਡੀ ਮਾਤਰਾ ਵਿਚ ਮਿਲ ਸਕਦੇ ਹਨ। ਇਸ ਲਈ ਆਸ ਕਰਦੇ ਹਾਂ ਕਿ ਉਹ ਜਲਦੀ ਹੀ ਸਿਖਲਾਈ ਲੈ ਕਰ ਇਸ ਦਾ ਮੰਤਵ ਪੂਰਾ ਕਰਨ ਵਿਚ ਸਹਾਈ ਹੋਵਣਗੇ।

4. ਗੁਰਮਤਿ ਸੰਗੀਤ ਨੂੰ ਗੁਰਬਾਣੀ ਦੇ ਆਸ਼ੇ ਅਨੁਸਾਰ ਛੇਤੀ ਅੱਗੇ ਵਧਾ ਸਕਦੇ ਹਾਂ, ਜਿਵੇਂ :

ੳ. ਹਫ਼ਤੇਵਾਰ ਪੰਜਾਬ ਚੈਨਲ ਤੇ ਟੀ.ਵੀ. ਪ੍ਰੋਗਰਾਮ ਖਾਸ ਸਮੇਂ ਦਿੱਤੇ ਜਾ ਸਕਦੇ ਹਨ, ਜਿਸ ਵਿਚ ਪਹਿਲੇ ਆਪਣੇ ਪੁਰਾਤਨ ਕੀਰਤਨਕਾਰਾਂ ਦਾ ਗਾਇਨ ਤੇ ਕਿਸੇ ਵੀ ਗੁਰਦਵਾਰੇ ਦੇ ਪ੍ਰਕਾਸ਼ ਅਸਥਾਨ ਦੀ ਫੋਟੋ ਸਾਹਮਣੇ ਕਰਕੇ ਸੁਣਾਇਆ ਜਾਵੇ ਤੇ ਫਿਰ ਸਾਡੇ ਗੁਰਮਤਿ ਸੰਗੀਤ ਦੇ

ਵਿਦਿਆਰਥੀ ਰਾਗ/ਧੁਨ/ਗੀਤ ਅਨੁਸਾਰ ਗਾ ਕੇ ਦੱਸਣ ਜਿਸ ਨਾਲ ਸਰੋਤੇ ਵੀ ਘਰ ਘਰ ਗਾਣ।

ਅ. ਹਰੇਕ ਗੁਰਦਵਾਰਾ ਸਾਹਿਬ ਦੀ ਲਾਇਬ੍ਰੇਰੀ ਨਾਲ ਡੀ.ਵੀ.ਡੀ. ਪਲੇਅਰ ਹੋਣ ਜਿਸ ਨਾਲ ਚਾਹਵਾਨ ਸਰੋਤੇ ਗੁਰਬਾਣੀ ਦਾ ਕੋਈ ਵੀ ਸ਼ਬਦ ਸੁਣਨਾ ਚਾਹੁਣ ਤਾਂ ਸੁਣ ਸਕਣ। ਸੀ.ਡੀਜ਼ ਦੀਆਂ ਕੁਝ ਕਾਪੀਆਂ ਖੁੱਲ੍ਹੀਆਂ ਬਾਹਰ ਰਹਿਣੀਆਂ ਚਾਹੀਦੀਆਂ ਹਨ ਤੇ ਕੁਝ ਅੰਦਰ ਸੰਭਾਲਕੇ ਰੱਖਣ। ਇਕ ਬੋਰਡ ਪਰ ਸ਼ਬਦਾਂ ਦੀਆਂ ਸੂਚੀਆਂ ਲਗਾ ਦੇਣਾ। ਹਰ ਸੀਡੀ ਨਾਲ ਸ਼ਬਦਾਂ ਦੀ ਸੂਚੀ ਭੇਜੀ ਜਾਂਦੀ ਹੈ, ਜਿਸ ਵਿਚ ਸ਼ਬਦ ਦਾ ਪੂਰਾ ਵੇਰਵਾ ਦਿੱਤਾ ਜਾਂਦਾ ਹੈ।

ੲ. ਹਰ ਗੁਰਦਵਾਰਾ ਸਾਹਿਬ ਹਾਲ ਅੰਦਰ ਵੱਡੇ ਪਰਦੇ ਵਾਲਾ ਪ੍ਰੋਜੈਕਟਰ ਹੋਣਾ ਜ਼ਰੂਰੀ ਹੈ। ਜਿਸ ਪਰ ਕੀਰਤਨ ਕਾਰ ਦਾ ਗਾਇਆ ਸ਼ਬਦ ਪੰਜਾਬੀ, ਰੋਮਨ, ਹਿੰਦੀ ਵਿਚ ਲਿਖਿਆ ਸਾਹਮਣੇ ਵੇਖਿਆ ਜਾ ਸਕਦਾ ਹੈ ਉਸ ਨੂੰ ਪੜ੍ਹਕੇ ਸਾਰੇ ਨਾਲ ਨਾਲ ਗਾ ਸਕਦੇ ਹਨ। ਸ਼ਬਦ ਦੇ ਅੰਤ ਵਿਚ ਰਾਗੀ ਸਿੰਘ/ ਭਾਈ ਸਾਹਿਬ ਸ਼ਬਦ ਦੀ ਵਿਆਖਿਆ ਕਰਨ।

ਸ. ਸਾਡੀਆਂ ਧਰਮ ਪ੍ਰਚਾਰ ਦੀਆਂ ਜਥੇਬੰਦੀਆਂ ਨੂੰ ਧਰਮ ਪ੍ਰਚਾਰ ਦੇ ਆਧੁਨਿਕ ਢੰਗ ਵਰਤਨੇ ਚਾਹੀਦੇ ਹਨ ਹਰ ਪਿੰਡ ਵਿਚ ਪੁੱਜ ਕੇ ਬੱਚਿਆਂ ਨੂੰ ਵੀਡੀਓ, ਆਡੀਓ ਯੰਤਰਾਂ ਨਾਲ ਕਈ ਤਰ੍ਹਾ ਪ੍ਰਭਾਵਿਤ ਕਰਕੇ ਆਪਣੇ ਪ੍ਰਚਾਰ ਦਾ ਭਾਗ ਬਣਾਇਆ ਜਾ ਸਕਦਾ ਹੈ। ਇਸ ਸ਼ਮੂਲੀਅਤ ਨਾਲ ਉਹ ਆਪਣੇ ਪ੍ਰਚਾਰ ਦਾ ਅੰਗ ਬਣ ਜਾਣਗੇ ਤੇ ਰੁਚੀ ਪੈਦਾ ਹੋਵੇਗੀ। ਕੇਵਲ ਗਲੇ ਦੀ ਲਚਕ ਦਰਸਾ ਕੇ ਗੁਰਬਾਣੀ ਹਿਰਦੇ ਤਕ ਨਹੀਂ ਪਹੁੰਚਾਈ ਜਾ ਸਕਦੀ। ਇਸ ਨਾਲ ਸਰੋਤਾ ਭੁਮਝਾਮ ਤਕ ਰਹਿ ਜਾਂਦਾ ਹੈ। ਇਸ ਲਈ ਸਾਡੀਆਂ ਜਥੇਬੰਦੀਆਂ ਨੂੰ ਕਈ ਕੀਰਤਨਕਾਰਾਂ ਤੇ ਸਿਖਲਾਈ ਲਈ ਕੰਟਰੋਲ ਕਰਨਾ ਪਵੇਗਾ ਤਾਂ ਕਿ ਉਹ ਢੰਗ ਨਾਲ ਸੰਗਤਾਂ ਵਿਚ ਪ੍ਰਚਾਰ ਕਰਨ। ਗੁਰਮਤਿ ਸੰਗੀਤ ਦੇ ਪਾਸ ਸ਼ੁਦਾ ਰਾਗੀ ਭਰਤੀ ਹੋਣੇ ਚਾਹੀਦੇ ਹਨ। ਗੁਰਦਵਾਰਾ ਪ੍ਰਬੰਧਕ ਕਮੇਟੀਆਂ ਨੂੰ ਵੀ ਆਪਣੇ ਸਟਾਫ ਵਿਚ ਰਾਗੀਆਂ ਨੂੰ Refresher Courses ਲਈ ਸਮਾਂ ਦੇਣਾ ਹੋਵੇਗਾ। ਉਨ੍ਹਾਂ ਨੂੰ ਸਲਾਨਾ ਤਰੱਕੀ ਨਵੇਂ ਸਿੱਖੇ ਸ਼ਬਦ ਤੇ ਰਾਗਾਂ ਅਨੁਸਾਰ ਦੇਣੀ ਹੋਵੇਗੀ ਤਾਂ ਹੀ ਇਸ ਦਾ ਲਾਭ ਹਰ ਸਰੋਤੇ ਤੱਕ ਪੁੱਜ ਸਕੇਗਾ।

ਹ. ਵੱਡੀਆਂ ਧਰਮ ਪ੍ਰਚਾਰ ਸੰਸਥਾਵਾਂ ਨੂੰ ਆਪਣੇ ਸਟੂਡੀਓ ਤੇ ਚੈਨਲ ਖੜੇ ਕਰਨੇ ਚਾਹੀਦੇ ਹਨ। ਦੂਜਿਆਂ ਦੇ ਮੋਢੇ ਪਰ ਬੰਦੂਕ ਰੱਖ ਕਰਕੇ ਨਿਸ਼ਾਨਾ ਨਹੀਂ ਬਣ ਸਕਦਾ। ਇਸੇ ਤਰ੍ਹਾਂ ਆਪਣੇ Auditorium ਵੱਡੇ ਵੱਡੇ ਹਾਲ ਹੋਣੇ ਚਾਹੀਦੇ ਹਨ। ਜਿਸ ਵਿਚ ਕੁਰਸੀਆਂ ਏ.ਸੀ. ਆਦਿ ਦੇ ਸਾਰੇ ਸਾਧਨ ਹੋਣ ਕਿਉਂ ਜੋ ਸਾਡੀ ਪਨੀਰੀ ਪੈਦਲ ਘੱਟ ਚੱਲਣ ਕਰਕੇ ਚੌਕੜਾ ਨਹੀਂ ਮਾਰ ਸਕੇਗੀ ਤੇ ਕੋਈ ਵਾਤਾਵਰਨ ਦੀ ਔਕੜ, ਜਿਸ ਦਾ ਹੱਲ ਹੈ, ਉਹ ਬਰਦਾਸ਼ਤ ਕਰੇਗੀ। ਇਸ ਲਈ ਧਰਮ ਪ੍ਰਚਾਰ ਵਿਚ ਕੁਝ ਅਧੁਨਿਕ ਚੀਜ਼ਾਂ ਵੱਲ ਧਿਆਨ ਦੇਣਾ ਲਾਜ਼ਮੀ ਹੈ।

ਦਾਸ ਦੀ ਸਾਰੀਆਂ ਸਿੰਘ ਸਭਾਵਾਂ, ਧਾਰਮਿਕ, ਸਮਾਜਕ, ਰਾਜਨੀਤਕ ਸੰਸਥਾਵਾਂ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ, ਦਿੱਲੀ, ਪਟਨਾ, ਨੰਦੇੜ, ਚੀਫ਼ ਖਾਲਸਾ ਦੀਵਾਨ, ਸਭਾ ਸੁਸਾਇਟੀਆਂ ਨੂੰ ਗੁਰਮਤਿ ਸੰਗੀਤ, ਮਿਸ਼ਨਰੀ, ਖਾਲਸਾ ਸਕੂਲਾਂ, ਕਾਲਜਾਂ, ਟਕਸਾਲ, ਸਾਧੂ ਸਮਾਜ ਤੇ ਸਰਬਤ ਸਿੱਖ ਸੰਪਰਦਾਵਾਂ ਦੇ ਮੁਖੀਆਂ ਨੂੰ ਅਪੀਲ ਕੀਤੀ ਜਾਂਦੀ ਹੈ:

੧. ਕਿ ਗੁਰਮਤਿ ਸੰਗੀਤ ਨੂੰ ਉਪਰੋਕਤ ਦੱਸੇ ਢੰਗ ਅਨੁਸਾਰ ਛੇਤੀ ਤੋਂ ਛੇਤੀ ਅੱਗੇ ਵਧਾਉਣ ਲਈ ਯਤਨ ਕਰਨ ਅਤੇ ਪੂਰਾ ਸਹਿਯੋਗ ਦੇਣ।

੨. ਕਿ ਗੁਰਬਾਣੀ ਦੀ ਸੇਵਾ ਕਰਦਿਆਂ ਸੀ.ਡੀ. ਵਿਚ ਕਈ ਭੁੱਲਾਂ ਹੋ ਜਾਂਦੀਆਂ ਹਨ ਜਿਸ ਬਾਰੇ ਸੋਧ ਕਰਨ ਲਈ ਦਾਸ ਸਹਿਯੋਗ ਦੇਣ।

੩. ਸੰਗਤਾਂ ਬਾਹਰਲੇ ਦੇਸ਼ਾਂ ਵਿਚ ਵੀ ਇੰਟਰਨੈਟ ਤੇ ਗੁਰਬਾਣੀ ਸ਼ਬਦ ਕਿਸੇ ਵੈਬਸਾਈਟ ਤੋਂ ਲੈ ਰਹੀਆਂ ਹਨ ਕਿਉਂ ਜੋ ਉਥੋਂ ਦੇ ਵਸਨੀਕ ਕੈਸਟ ਭੇਜ ਰਹੇ ਹਨ ਤੇ ਸ਼ਬਦ ਸੀ. ਡੀਜ਼ ਵਿਚ ਸ਼ਾਮਲ ਕੀਤੇ ਜਾਂਦੇ ਹਨ। ਇਸੇ ਤਰ੍ਹਾਂ ਕਿਸੇ ਵਿਅਕਤੀ ਸੰਸਥਾ ਕੋਲ ਕੋਈ ਪੁਰਾਤਨ ਵਿਰਸੇ ਦੀ ਸੰਭਾਲ ਕਰਨ ਲਈ ਗੁਰਮਤਿ ਸੰਗੀਤ ਦੀ ਕੋਈ ਰਿਕਾਰਡਿੰਗ ਹੋਵੇ ਤਾਂ ਉਹ ਵੀ ਆਪਣਾ ਯੋਗਦਾਨ ਪਾ ਸਕਦਾ ਹੈ। ਕੈਸਟ ਕੁਝ ਸਮੇਂ ਲਈ ਉਧਾਰ ਭੇਜ ਦੇਵੇ। ਕਾਪੀ ਕਰ ਲੈਣ ਬਾਅਦ ਵਾਪਸ ਕਰ ਦਿੱਤੀ ਜਾਵੇਗੀ।

# ਵਿਸਰ ਰਹੀ ਗੁਰਮਤਿ ਮਰਯਾਦਾ

ਕਰਤਾਰ ਸਿੰਘ ਨੀਲਧਾਰੀ

ਭਾਈ ਸੰਤਾ ਸਿੰਘ ਜੀ ਦਾ ਕੀਰਤਨ ਗੁਰਮਤਿ ਕੀਰਤਨ ਦੀ ਜੀਵੰਤ ਗੀਤ ਕਹੀ ਜਾ ਸਕਦੀ ਹੈ। ਉਨ੍ਹਾਂ ਦੇ ਕੀਰਤਨ ਦੇ ਤਵੇ ਬਚਪਨ ਤੋਂ ਸੁਣਦੇ ਰਹੇ ਹਾਂ ਆਪਣੇ ਪਿਤਾ ਜੀ ਦੇ ਸ਼ੌਕ ਕਾਰਨ। ਭਾਈ ਸੰਤਾ ਸਿੰਘ ਜੀ ਦੀ ਬਾਰੀਕ ਆਵਾਜ਼ ਬਾਕੀ ਕੀਰਤਨੀਆਂ ਨਾਲੋਂ ਵੱਖਰੀ ਪਹਿਚਾਨ ਰੱਖਦੀ ਹੈ। ਉਨ੍ਹਾਂ ਦੀ ਕੀਰਤਨੀ ਆਸਾ ਦੀ ਵਾਰ ਦੀ ਰਿਕਾਰਡਿੰਗ ਪਹਿਲੀ ਵਾਰੀ ਹੀ ਸੁਣੀ ਅਤੇ ਆਵਾਜ਼ ਦੀ ਨਿਵੇਕਲੀ ਖਿੱਚ ਕਾਰਨ ਸਾਥੀਆਂ ਦੀ ਮਿਲੱਤ ਕਰਨ ਦੀ ਪਰੇਸ਼ਾਨੀ ਵੀ ਜ਼ਰੂਰ ਨਜ਼ਰ ਆਈ। ਆਸਾ ਦੀ ਵਾਰ ਸੁਣ ਕੇ ਸਮੀਖਿਆ ਲਿਖਣ ਲਈ ਇੰਤਜ਼ਾਰ ਇਸ ਕਰਕੇ ਕਰਨੀ ਪਈ, ਕਿਉਂਕਿ ਮੈਂ ਇਸ ਗਾਇਕੀ ਦੀ ਤੁਲਨਾ ਹਰਿਮੰਦਰ ਸਾਹਿਬ ਵਿਚ ਮੌਜੂਦਾ ਦੌਰ ਵਿਚ ਹੋ ਰਹੇ ਆਸਾ ਦੀ ਵਾਰ ਦੀ ਕੀਰਤਨ ਨਾਲ ਕਰਨਾ ਚਾਹੁੰਦਾ ਸੀ। ਇਸ ਲਈ ਇਸ ਸੀ.ਡੀ. ਨੂੰ ਦੋ ਤਿੰਨ ਵਾਰੀ ਸੁਣਕੇ ਤੁਲਨਾਤਮਕ ਮਨਨ ਚਿੰਤਨ ਤੋਂ ਬਾਅਦ ਕਲ਼ਮ ਫੜੀ ਹੈ।

ਗੁਰਬਾਣੀ ਨਿਰਦੇਸ਼ ਅਨੁਸਾਰ ਟੁੰਡੇ ਅਸਰਾਜੇ ਦੀ ਧੁਨੀ ਵਿਚ ਆਸਾ ਦੀ ਵਾਰ ਦੀ ਸੀਡੀ ਸੁਣ ਕੇ ਇੰਞ ਲੱਗਿਆ ਸੀ ਜਿਵੇਂ ਦਿਲ ਦੇ ਡੂੰਘੇ ਖੂਹ ਵਿਚ ਸੰਗੀਤ ਸੁਰਾਂ ਨਿਕਲ ਕੇ ਸਰੋਤਿਆਂ ਨੂੰ ਮਉਲਨ ਲਈ ਮਜ਼ਬੂਰ ਕਰਦੀਆਂ ਹਨ। ਦਿਲ ਦੀ ਜਿੰਨੀ ਗਹਿਰੀ ਸ਼ਰਧਾ ਵਿਚ ਕੀਰਤਨ ਗਾਇਨ ਹੁੰਦਾ ਹੈ ਉਹ ਸਰੋਤੇ ਦੇ ਦਿਲ ਦੀ ਉਨੀ ਹੀ ਗਹਿਰਾਈ ਤਕ ਜਾਣ ਨੂੰ ਸਮਰੱਥ ਹੁੰਦਾ ਹੈ। ਸਰੋਤੇ ਦੀ ਤਲੀਨਤਾ ਅਤੇ ਏਕਾਗਰਤਾ ਦੀ ਬਿਰਤ ਉਸਨੂੰ ਅਜਿਹਾ ਕੀਰਤਨ ਧਿਆਨ ਅਵਸਥਾ ਵਿਚ ਜਾਣ ਲਈ ਵੀ ਸਹਾਇਕ ਹੋ ਜਾਂਦਾ ਹੈ। ਸ਼ਰਤ ਅਵਸਥਾ ਵਿਚ ਹੋਣ ਦੀ ਹੈ। ਜਪੁ ਰੂਪੀ ਗੁਰਬਾਣੀ ਨੀਂਹ ਪਸਾਰੇ ਦੀ ਤੀਜੀ ਇਕ ਪਉੜੀ "ਗਾਵੈ" ਨਾਲ ਸਬੰਧਿਤ ਹੈ ਅਤੇ ਅਗਲੀ ਚਾਰ ਪਉੜੀ "ਸੁਣੀਐ" ਦੀ ਉਪਮਾ ਨਾਲ ਸਰੋਤੇ ਨੂੰ ਸਿੱਧਾ ਹੀ (ਆਤਮ) ਗਿਆਨਖੰਡ ਵਿਚ ਲੈ ਜਾਂਦੀ ਹੈ - ***"ਸੁਣਿਐ ਸਿਧ ਪੀਰ ਸੁਰਿ ਨਾਥ"*** (ਸਤਵੀਂ ਪਉੜੀ ਆਰੰਭ) ਅਤੇ ***"ਕੇਤੇ ਸਿਧ ਬੁਧ ਨਾਥ ਕੇਤੇ ਕੇਤੇ ਦੇਵੀ ਵੇਸ"*** (ਪੈਂਤੀਵੀਂ ਪਉੜੀ ਸਤਵੀਂ ਤੁਕ)। ਚਾਹੇ ਕੀਰਤਨ ਕਰੋ ਚਾਹੇ ਸੁਣੋ, ਚਾਹੇ ਜਪੁ ਕਰੋ, ਚਾਹੇ ਗੁਰ ਕਥਾ ਕਰੋ ਚਾਹੋ ਸੁਣੋ- ਇਸ ਸਤਿ ਤੱਤ ਨਾਲ ਜੁੜੇ ਹਰੇਕ ਵਿਸ਼ੇ ਦਾ ਹਰ ਹਾਲ ਵਿਚ ਸਰੋਤਾ ਹੋਣਾ ਜ਼ਰੂਰੀ ਹੈ। ਇਕ ਗਾਇਕ ਤਾਂ ਹੀ ਸਰੋਤਾ ਹੋ ਸਕਦਾ ਹੈ ਜੇਕਰ ਹਿਰਦੇ ਤੋਂ ਕੀਰਤਨ ਕਰ ਰਿਹਾ ਹੋਵੇ ਤੇ ਇਹ ਗੁਣ ਭਾਈ ਸੰਤਾ ਸਿੰਘ ਜੀ ਕੀਰਤਨ ਵਿਚ ਸਪਸ਼ਟ ਆਭਾਸ ਹੁੰਦਾ ਹੈ।

ਤੁਲਨਾਮਤਕ ਚਿੰਤਨ ਵਿਚ ਹਰਿਮੰਦਰ ਸਾਹਿਬ ਵਿਚ ਮੌਜੂਦਾ ਕੀਰਤਨ ਕੰਠ ਤੋਂ ਨਿਕਲ ਕੇ ਸਰੋਤਾ ਦੇ ਕੰਨਾਂ ਨਾਲ ਟਕਰਾ ਕੇ ਫਿਜ਼ਾ ਵਿਚ ਗੁਆਚ ਜਾਂਦਾ ਹੈ। ਅਜਿਹੀ ਗਾਇਕੀ ਨਾ ਸੰਗੀਤ ਨਾਲ ਨਿਆਂ ਕਰਦੀ ਹੈ ਨਾ ਹੀ ਸ਼ਬਦ ਨੂੰ ਸਪਰਸ਼ ਕਰਦੀ ਹੈ। ਸ਼ਬਦ ਗੁਰੂ ਦੀ ਸਾਧਨਾ ਦੀ ਸਿੱਧੀ ਵਿਚ ਤਾਂ ਗੁਰਬਾਣੀ ਚੀਕ ਬਣ ਕੇ ਗਾਇਕ ਤੇ ਸਰੋਤੇ ਦੀ ਅੱਖਾਂ ਸਾਹਮਣੇ ਆਉਣ ਦੀ ਆਸ ਕੀਤੀ ਜਾ ਸਕਦੀ ਹੈ। ਪਰਮ ਸਿੱਧੀ ਵਿਚ ਬਾਣੀਕਾਰ ਸਾਖਿਅਤ ਸ਼ਬਦ ਦੇ ਹੀ (ਨੂਰੀ) ਵਿਚ ਦਰਸ਼ਨ ਦੇ ਕੇ ਨਿਵਾਜ ਦੇਂਦਾ ਹੈ। ਸ਼ਬਦ ਅਤੇ ਸੰਗੀਤ ਦੀ ਸਾਂਝ ਦਾ ਭੇਤ ਇਕ ਕੀਰਤਨੀਏ ਨੂੰ ਸਿਖਾਇਆ ਜਾਣਾ ਜ਼ਰੂਰੀ ਹੈ। ਅਜ ਕਲ ਦੇ ਸਾਡੇ ਅਖੌਤੀ ਹਜ਼ੂਰੀ ਰਾਗੀ ਸੰਗੀਤ ਦੇ ਕਿਤਾਬੀ ਤੇ ਸਕੂਲੀ ਗਿਆਨ ਨੂੰ ਪ੍ਰਾਪਤ ਕਰਕੇ ਰੋਜ਼ਗਾਰੀ ਲਈ ਨੌਕਰੀ ਵਿਚ ਸੁਰੱਖਿਆ ਤਲਾਸ਼ ਕਰਨ ਵਿਚ ਲੱਗ ਜਾਂਦੇ ਹਨ। ਉਸਤਾਦੀ-ਸ਼ਾਗਿਰਦੀ (ਗੁਰੂਕੁਲ) ਪਰੰਪਰਾ ਵਿਚ ਉਸਤਾਦ(ਗੁਰੂ) ਦੀ ਸੰਤੁਸ਼ਟੀ ਤੋਂ ਪਹਿਲਾਂ ਗਾਇਕੀ (ਸੰਗੀਤ) ਪ੍ਰਦਰਸ਼ਨ ਦੀ ਆਗਿਆ ਨਹੀਂ ਹੁੰਦੀ ਸੀ। ਬਦਲੇ ਸਮੇਂ ਤੇ ਸਮੇਂ ਦੇ ਮਾਹੌਲ ਵਿਚ ਵੀ ਅਭਿਆਸ ਤਪ (ਰਿਆਜ਼) ਦਾ ਕੋਈ ਸ਼ਾਰਟਕਟ ਨਹੀਂ ਹੈ। ਪੁਰਾਤਨ ਉਸਤਾਦ ਗੁਰਬਾਣੀ ਫਲਾਸਫੀ ਅਤੇ ਸਿਮਰਨ ਅਭਿਆਸ ਨਾਲ ਸ਼ਾਗਿਰਦਾਂ ਨੂੰ ਸ਼ਬਦ ਦੇ ਸ਼ਬਦ ਅੱਖਰਾਂ ਨੂੰ ਹਿਰਦੇ ਮੰਗ ਕਰਨ ਤੇ ਆਤਮਸਾਤ ਕਰਨ ਦੀ ਪ੍ਰੇਰਣਾ ਵੀ ਜ਼ਰੂਰ ਦੇਂਦੇ ਹਨ।

ਭਾਈ ਸੰਤਾ ਸਿੰਘ ਜੀ ਦੀ ਗਾਈ ਆਸਾ ਦੀ ਵਾਰ ਦੀ ਸੀ.ਡੀ. ਮੌਜੂਦਾ ਰਾਗੀ ਕੀਰਤਨੀਆਂ ਦੀ ਮੁਹਾਰਾਂ

ਸਾਤਵਿਕ ਗੁਰਮਤਿ ਰੀਤ ਨਾਲ ਜੋੜਨ ਨੂੰ ਸਮਰਥ ਹੈ। ਪੁਰਾਤਨ ਰੀਤ ਦੀ ਆਸਾ ਦੀ ਵਾਰ ਨੌ ਸਿੱਖੀਏ ਰਾਗੀ ਵੀ ਗਾ ਦੇਣ ਤਾਂ ਵੀ ਸਰੋਤੇ ਦੇ ਇਹ ਕੰਨਾਂ ਦੇ ਅੰਦਰ ਗਹਿਰੇ ਉਤਰਨ ਦੀ ਸਮਰਥਾ ਰੱਖਦੀ ਹੈ। ਇਹ ਸਮਰਥਾ ਗੁਰੂ ਵਰੋਸਾਈਆਂ ਚਲਾਈਆਂ ਅਤੇ ਪ੍ਰਵਾਨ ਸੰਗੀਤ ਸੁਰਾਂ ਦਾ ਗੁਰਪ੍ਰਸਾਦਿ ਹੈ। ਇਥੇ ਇਹ ਜ਼ਿਕਰ ਕਰਨਾ ਜ਼ਰੂਰੀ ਹੈ ਕਿ 'ਸੁਣਿਐ' ਦੀ ਚਾਹ ਉਪਮਾਵਾਚਕ ਪਉੜੀਆਂ ਤੋਂ ਬਾਅਦ ਗੁਰਮਤਿ ਭਗਤੀ ਲਈ 'ਮੰਨੈ"। ਮੰਨੈ ਸੁਰਤਿ ਹੋਏ ਮਨਿ ਬੁਧਿ ਦੀ ਚੇਤਨਾ ਨਾਲ ਆਤਮ ਸਾਤ ਕਰਕੇ ਸ਼ਬਦ ਸੁਰਤਿ ਦੇ ਸੰਜੋਗ ਦਾ ਰਾਹ ਖੋਲ੍ਹਦੀਆਂ ਹਨ। ਗੁਰਮਤਿ ਸੰਗੀਤ ਸੁਰਾਂ ਨਾਲ ਇਹ ਸ੍ਰੇਸ਼ਟਤਾ ਚਮਤਕਾਰੀ ਢੰਗ ਨਾਲ ਪ੍ਰਾਪਤ ਤਾਂ ਹੀ ਹੁੰਦੀ ਹੈ। ਜੇਕਰ ਗੁਰਪ੍ਰਸਾਦਿ ਦੀ ਦੀਰਘ ਗੰਭੀਰ ਚੇਤਨਾ ਪ੍ਰਤੀ ਆਸਥਾ, ਸੋਝੀ ਤੇ ਵਿਸ਼ਵਾਸ ਹੋਵੇ। ਨਾਮ (ਸ਼ਬਦ), ਗੁਰਬਾਣੀ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਪ੍ਰਤੱਖ ਰੂਪ ਵਿਚ 'ਗੁਰਪ੍ਰਸਾਦਿ" ਦਾ ਸਾਕਾਰ ਸਮਰਥ ਸ੍ਰੇਸ਼ਟ ਅਤੇ ਸਚਖੰਡੀ ਸਰੂਪ ਹੈ।

ਭਾਈ ਸੰਤਾ ਸਿੰਘ ਜੀ ਨੇ ਆਸਾ ਦੀ ਵਾਰ ਤੋਂ ਬਾਅਦ "ਵਾਹਿਗੁਰੂ" ਨਾਮ (ਸ਼ਬਦ) ਦਾ ਜੋ ਜਾਪ ਕੀਤਾ ਹੈ ਉਸ ਨਾਲ ਪਤਾ ਚੱਲਦਾ ਹੈ ਕਿ ਉਨ੍ਹਾਂ ਉਤੇ ਤਤਕਾਲੀ ਸਿੰਘ ਸਭਾਈ ਪ੍ਰਭਾਵ ਵੀ ਹਾਵੀ ਰਹੇ ਹਨ। 'ਵਾਹਿਗੁਰੂ' ਗੁਰਮੰਤਰ ਹੈ ਜਪਿ ਹਉਮੈ ਖੋਈ (ਭਾਈ ਗੁਰਦਾਸ) ਦਾ ਸਿਮਰਨ ਰਸਨਾ ਨਾਲ ਕਰਦੇ ਹੋਏ ਵੀ ਉੱਚੀ (ਸਰਵਣ ਲਾਇਕ) ਕਰਨ ਦੀ ਰੀਤ ਨਹੀਂ। ਇਹ ਰਸਨਾ ਜਪ ਵੀ ਕੰਠਾਗ੍ਰ ਹੀ ਕੀਤਾ ਜਾਂਦਾ ਹੈ। ਭਾਈ ਸੰਤਾ ਸਿੰਘ ਆਸਾ ਦੀ ਵਾਰ ਦੀ ਇਹ ਤੁਕ ਸ਼ਾਇਕ ਭੁੱਲ ਗਏ - ***ਮਹਲਾ ੨॥ "ਜੋ ਜੀਏ ਹੋਇ ਸੁ ਉਗਵੈ ਮੁਹ ਕਾ ਕਹਿਆ ਵਾਉ"*** ਜਿਹੜਾ ਬੀਜ ਧਰਤੀ ਵਿਚ ਦਬਿਆ ਹੁੰਦਾ ਹੈ ਉਹੀ ਉਗਦਾ ਹੈ। ਧਰਤੀ ਤੇ ਪਿਆ ਅੰਨ ਦਾ ਦਾਣਾ ਜਾਂ ਤਾਂ ਕੀੜੇ ਖਾ ਜਾਂਦੇ ਹਨ, ਜਾਂ ਗਲ ਜਾਂਦਾ ਹੈ ਜਾਂ ਪੰਛੀ ਖਾ ਜਾਂਦੇ ਹਨ। ਪਹਿਲੀ ਪਉੜੀ ਦਾ ਤੀਜਾ ਸਲੋਕ ਵੀ ਸਿਮਰਨ ਦੀ ਗੰਭੀਰਤਾ ਨਾਲ ਜੋੜਦਾ ਹੈ। -

***ਮਹਲਾ ੧॥***
***ਨਾਨਕ ਗੁਰੁ ਨ ਚੇਤਨੀ ਮਨਿ ਆਪਣੈ ਸੁਚੇਤ॥***
***ਛੁਟੇ ਤਿਲ ਬੂਆੜ ਜਿਉ ਸੁੰਞੇ ਅੰਦਰਿ ਖੇਤ॥***
***ਖੇਤੈ ਅੰਦਰਿ ਛੁਟਿਆ ਕਹੁ ਨਾਨਕ ਸਉ ਨਾਹ॥***
***ਫਲੀਅਹਿ ਫੁਲੀਅਹਿ ਬਪੁੜੇ ਭੀ ਤਨ ਵਿਚਿ ਸੁਆਹ॥***
ਅਤੇ
***ਸਤਿਗੁਰ ਭੇਟੇ ਸੋ ਸੁਖੁ ਪਾਏ॥***
***ਹਰਿ ਕਾ ਨਾਮੁ ਮੰਨਿ ਵਸਾਏ॥***
(ਪਉੜੀ ਨੌਵੀਂ ਦਾ ਦੂਜਾ ਸਲੋਕ)

ਅਤੇ ਗਿਆਰਵੀਂ ਪਉੜੀ ਦਾ ਪਹਿਲਾ ਸਲੋਕ ਵੀ ਵਿਚਾਰਨਯੋਗ ਹੈ -

***ਸਚਿ ਕਾਲੁ ਕੂੜੁ ਵਰਤਿਆ ਕਲਿ ਕਾਲਖ ਬੇਤਾਲ॥***
***ਬੀਉ ਬੀਜਿ ਪਤਿ ਲੈ ਗਏ ਅਬ ਕਿਉ ਉਗਵੈ ਦਾਲਿ॥***
***ਜੇ ਇਕੁ ਹੋਇ ਤ ਉਗਵੈ ਰੁਤੀ ਹੂ ਰੁਤਿ ਹੋਇ॥***

ਸਾਬਤ ਦਾਨਾ ਧਰਤੀ ਵਿਚ ਦਬਿਆ ਰੁਤ ਅਨੁਸਾਰ ਉਗਦਾ ਹੈ ਪਰ ਦੋਫਾੜ (ਦਾਲ) ਕਦੇ ਨਹੀਂ ਉੱਗ ਸਕਦੀ। ਖੁੱਲ੍ਹਾ ਸਿਮਰਨ ਕਰਨਾ ਕਰਾਉਣਾ ਦਾਣੇ ਦੀ ਦਾਲ ਕਰਨ ਦੇ ਬਰਾਬਰ ਹੈ। ਸੁਖਮਨੀ ਸਾਹਿਬ ਵਿਚ ਦਰਜ ਹੈ ***ਬੀਜ ਮੰਤ੍ਰੁ ਸਰਬ ਕੋ ਗਿਆਨ*** (-274) ਅਤੇ ***ਬੀਜ ਮੰਤਰ ਲੈ ਹਿਰਦੈ ਰਹੈ*** (-974)

ਇਸ ਤਰ੍ਹਾਂ "ਵਾਹਿਗੁਰੂ" ਦਾ ਸਿਮਰਨ ਕਰਾਉਣ ਦਾ ਰਾਗੀਆਂ ਦਾ ਪ੍ਰਯਾਸ ਮੇਰੀ ਗੁਰਮਤਿ ਸਮਝ ਤੋਂ ਤਾਂ ਬਾਹਰ ਹੀ ਹੈ। ਭਾਈ ਸਾਹਿਬ ਵੀਰ ਸਿੰਘ ਜੀ ਦੇ ਸੰਸਮਰਣ ਬੰਬਈ ਦੇ ਇਕ ਕੀਰਤਨੀਏ ਦੇ ਲਿਖੇ ਪੜ੍ਹੇ ਸਨ। ਉਨ੍ਹਾਂ ਭੀ ਸੰਗਤ ਨੂੰ ਇਸ ਤਰ੍ਹਾਂ ਕਰਾਏ ਜਾ ਰਹੇ ਸਿਮਰਨ ਦੇ ਬਦਲੇ ਧਿਆਨ ਵਿਚ ਸਿਮਰਨ ਦਾ ਸੁਝਾਅ ਦਿੱਤਾ ਸੀ।

ਆਸਾ ਦੀ ਵਾਰ ਦੇ ਕੀਰਤਨ ਬਾਰੇ ਦਮਦਮੀ ਟਸਕਾਲ ਚੌਕ ਮਹਿਤਾ ਦੀ ਮਰਿਯਾਦਾ ਥੋੜੇ ਦਿਨ ਪਹਿਲਾਂ ਹੀ ਪੜ੍ਹੀ ਹੈ। ਉਸ ਪੁਸਤਕ ਵਿਚ ਲਿਖਿਆ ਹੈ ਕਿ ਅਠਾਰਵੀਂ ਪਉੜੀ ਤੋਂ ਬਾਅਦ ਸੁਖਮਨੀ ਸਾਹਿਬ ਦੇ ਅਖੀਰਲੇ ਦੋ ਸ਼ਬਦਾਂ ਦਾ ਪਾਠ ਕੀਤਾ ਜਾਂਦਾ ਹੈ। ਇਥੇ ਲੇਖਕ ਨੂੰ ਸ਼ਾਇਦ ਗਲਤੀ ਲੱਗੀ ਹੈ। ਹਜ਼ੂਰ ਗਰੀਬ ਨਿਵਾਜ ਸੰਤ ਹਰਨਾਮ ਸਿੰਘ ਜੀ ਕਿਲੇ ਵਾਲੇ ਜਿਨ੍ਹਾਂ ਨੇ ਨੀਲਧਾਰੀ ਸੰਪ੍ਰਦਾ ਦੀ ਬਾਣੀ ਤੇ ਬਾਣਾ ਪ੍ਰਗਟ ਕੀਤਾ ਹੈ, ਉਨ੍ਹਾਂ ਦੇ ਹੁਕਮ ਅਨੁਸਾਰ ਆਸਾ ਦੀ ਵੀਹਵੀਂ ਪਉੜੀ ਨੂੰ ਸ਼ੁੱਧ ਕਰਨ ਤੋਂ ਬਾਅਦ ਸੁਖਮਨੀ ਸਾਹਿਬ ਦੇ ਅਖੀਰਲੇ ਦੋ ਪਦ ਪੜ੍ਹਨ ਦੀ ਜੁਗਤਿ ਅਜਤਕ ਚਲੀ ਆ ਰਹੀ ਹੈ। ਇਕ ਹੋਰ ਜੁਗਤਿ ਵੀ ਹੈ ਕਿ ਤੇਈਵੀਂ (23) ਪਉੜੀ ਤੋਂ ਬਾਅਦ ਕੋਈ ਸ਼ਬਦ ਨਹੀਂ ਪੜ੍ਹਿਆ ਜਾਂਦਾ ਤੇ ਚੌਵੀਵੀਂ ਦੇ ਸਲੋਕ ਸ਼ੁਰੂ ਕਰ ਦਿੱਤੇ ਜਾਂਦੇ ਹਨ। ਇਕ ਨਿਸ਼ਚਿਤ ਰੀਤ ਇਹ ਵੀ ਰਹੀ ਹੈ ਕਿ ਆਸਾ ਦੀ ਵਾਰ ਦਾ ਭੋਗ ਜਿਸ ਵੇਲੇ ਕੀੜੀ ਤੁਰਦੀ ਦਿਸ ਪਵੇ (ਸੂਰਜ ਉਦੈ ਤੋਂ ਪਹਿਲਾਂ) ਪੈ ਜਾਂਦਾ ਰਿਹਾ ਹੈ। ਮਗਰੋਂ ਕੇਵਲ ਇਕ ਸ਼ਬਦ

(ਚੌਵੀਵੀਂ ਪਉੜੀ ਤੋਂ ਬਾਅਦ) ਜ਼ਰੂਰ ਪੜ੍ਹਿਆ ਜਾਂਦਾ ਹੈ। ਆਮ ਤੌਰ 'ਤੇ ਰਾਗੀ ਕੀਰਤਨ ਦੀ ਸਮਾਪਤੀ ਸਮੇਂ ਜਪੁਜੀ ਸਾਹਿਬ ਵਾਲਾ ਸਲੋਕ ਪੜ੍ਹਦੇ ਹਨ ਪਰ ਕਿਲੇ ਵਾਲੇ (ਦੇਸ਼ ਵੰਡ ਮੰਗਰੋਂ ਨੁਸ਼ਹਿਰੇ ਮੱਝਾ ਸਿੰਘ-ਗੁਰਦਾਸਪੁਰ) ਸੰਤਾਂ ਦੀ ਦੱਸੀ ਮਰਿਯਾਦਾ ਅਨੁਸਾਰ 'ਮਹਲਾ ਦੂਜਾ' ਕਹਿ ਕੇ ਮਾਝ ਦੀ ਵਾਰ ਵਿਚ ਦਰਜ ਦੂਜੀ ਪਾਤਸ਼ਾਹੀ ਦਾ ਸਲੋਕ ਪੜ੍ਹਿਆ ਜਾਂਦਾ ਹੈ। ਜਪੁਜੀ ਸਾਹਿਬ ਦੇ ਸਲੋਕ ਅਤੇ ਮਹਲਾ ਦੂਜਾ ਦੇ ਸਲੋਕ ਵਿਚ ਇਸ ਤਰ੍ਹਾਂ ਕ੍ਰਮਵਾਰ ਤਿੰਨ ਪਾਠ ਭੇਦ ਹਨ - ਪਵਣ (ਪਉਣ), ਦਿਵਸ (ਦਿਨਸ) ਅਤੇ ਕੇਤੀ ਛੁਟੀ ਨਾਲਿ (ਹੋਰ ਕੇਤੀ ਛੁਟੀ ਨਾਲਿ)।

ਸੰਤ ਮਹਾਰਾਜ ਕਿਲੇ ਵਾਲੇ ਜਪੁ ਜੀ ਸਾਹਿਬ ਦੀ ਕਿਸੇ ਵੀ ਪਉੜੀ ਦੇ ਕੀਰਤਨ ਜਾਂ ਗਾਇਨ ਦੀ ਆਗਿਆ ਨਹੀਂ ਸੀ ਦਿੰਦੇ। ਉਨ੍ਹਾਂ ਦਾ ਹੁਕਮ ਹੈ ਕਿ ਪੁਰਾਤਨ ਗੁਰਮਰਿਯਾਦਾ ਅਨੁਸਾਰ ਜਪੁਜੀ ਸਾਹਿਬ ਦਾ ਪਾਠ ਵੀ ਲੈ ਵਿਚ ਨਹੀਂ ਕਰਨਾ। ਨਿਰਧਾਰਤ ਰਾਗਾਂ ਨੂੰ ਨਿਰਧਾਰਤ ਸਮੇਂ ਵਿਚ ਗਾਇਨ ਦੀ ਮਰਿਯਾਦਾ ਦਾ ਪੂਰਾ ਪਾਲਨ ਕਰਾਇਆ ਜਾਂਦਾ ਰਿਹਾ । ਕਿਸੇ ਵੀ ਰਾਗੀ ਨੂੰ ਨਿਰਧਾਰਤ ਰਾਗ ਨਾ ਆਉਂਦਾ ਹੋਵੇ ਤਾਂ ਉਸ ਸਮੇਂ ਦੇ ਹੋਰ ਰਾਗ ਵਿਚ ਗਾਇਨ ਦੀ ਖੁੱਲ੍ਹ ਸੀ। ਸਲੋਕਾਂ ਨੂੰ ਕਿਸੇ ਵੀ ਰਾਗ ਵਿਚ ਗਾਇਨ ਦੀ ਇਜਾਜ਼ਤ ਜ਼ਰੂਰ ਸੀ। ਕੀਰਤਨੀ ਸ਼ਬਦ ਦੀ ਸੁੱਧੀ ਦੇ ਲਈ ਕੀਰਤਨ ਸਮੇਂ ਇਕ ਵਿਦਵਾਨ ਸੈਂਚੀ ਖੋਹਲ ਕੇ ਨਿਗਰਾਨੀ ਜ਼ਰੂਰ ਰੱਖਦਾ ਸੀ ਅਤੇ ਰਾਗ ਦੇ ਨਿਰਧਾਰਤ ਸਮੇਂ ਤੋਂ ਬਾਹਿਰ ਕਿਸੇ ਵੀ ਰਾਗ ਨੂੰ ਗਾਇਨ ਦੀ ਇਜਾਜ਼ਤ ਨਹੀਂ ਸੀ ਹੁੰਦੀ। ਅੱਜ ਕਲ੍ਹ ਅਜਿਹੀ ਮਰਿਯਾਦਾ ਉਨ੍ਹਾਂ ਦੇ ਡੇਰਿਆਂ ਵਿਚ ਹੀ ਦੁਰਲੱਭ ਹੋ ਗਈ ਹੈ ਕਿਸੇ ਨੂੰ ਕੀ ਦੱਸਣਾ?

---

*162-ਏ, ਗਰੇਨ ਮਾਰਕੀਟ, ਮੱਧਿਆ ਮਾਰਗ, ਚੰਡੀਗੜ੍ਹ*

# ਤਬਲੇ ਦੀ ਮਾਹਿਰ -ਬੀਬੀ ਗੁਰਹਰਮਿੰਦਰ ਕੌਰ 'ਗੁਰਮੀਤ'

## ਜਸਜੀਤ ਸਿੰਘ

*ਆਪ ਜੀ ਆਪਣੇ ਬਚਪਨ ਅਤੇ ਵਿੱਦਿਆ ਬਾਰੇ ਕੁਝ ਜਾਣਕਾਰੀ ਦਿਉ ?*

- ਮੇਰਾ ਜਨਮ 2 ਅਕਤੂਬਰ, 1984 ਨੂੰ ਪੂਰਨਪੁਰ (ਯੂ.ਪੀ.) ਵਿਖੇ ਹੋਇਆ। ਛੋਟੀ ਉਮਰ ਵਿਚ ਹੀ ਅਸੀਂ ਪਰਿਵਾਰ ਸਮੇਤ ਪੰਜਾਬ ਵਿਚ ਆ ਗਏ। ਮੈਂ ਆਪਣੀ ਮੁਢਲੀ ਵਿੱਦਿਆ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸੀਨੀਅਰ ਸੈਕੰਡਰੀ ਸਕੂਲ, ਸ਼ਹਿਬੱਟੀ, ਜ਼ਿਲ੍ਹਾ ਗੁਰਦਾਸਪੁਰ ਤੋਂ ਹਾਸਲ ਕੀਤੀ। ਉੱਚ ਸਿੱਖਿਆ ਲਈ ਮੈਂ ਬੀ.ਬੀ.ਕੇ.. ਡੀ.ਏ.ਵੀ. ਕਾਲਜ, ਅੰਮ੍ਰਿਤਸਰ ਵਿਚ ਦਾਖਲਾ ਲਿਆ ਅਤੇ ਸਾਲ 2002 ਵਿਚ ਬੀ.ਏ.ਪਾਸ ਕੀਤੀ। ਇਸ ਉਪਰੰਤ ਪੋਸਟ ਗਰੈਜੂਏਸ਼ਨ ਸਿੱਖਿਆ ਐਸ.ਆਰ. ਗੌਰਮਿੰਟ ਕਾਲਜ ਅੰਮ੍ਰਿਤਸਰ ਵਿਚ ਐਮ.ਏ. (ਸਿਤਾਰ) ਵਿਚ ਹਾਸਲ ਕੀਤੀ।

*ਪਰਿਵਾਰਕ ਪਿਛੋਕੜ ਅਤੇ ਤਬਲੇ ਦੀ ਸ਼ੁਰੂਆਤ ਕਿਸ ਤਰ੍ਹਾਂ ਹੋਈ, ਇਸ ਬਾਰੇ ਜਾਣਕਾਰੀ ਦਿਉ ?*

- ਪਰਿਵਾਰ ਵਿਚ ਮੇਰੇ ਤੋਂ ਇਲਾਵਾ ਮੇਰੇ ਮਾਤਾ-ਪਿਤਾ ਜੀ, ਇਕ ਵੱਡੀ ਭੈਣ ਅਤੇ ਇਕ ਛੋਟਾ ਭਰਾ ਹੈ। ਪਰਿਵਾਰ ਵਿਚ ਸ਼ੁਰੂ ਤੋਂ ਹੀ ਗੁਰਬਾਣੀ ਅਤੇ ਸੰਗੀਤ ਪ੍ਰਤੀ ਬਹੁਤ ਉਸਾਰੂ ਮਾਹੌਲ ਰਿਹਾ ਹੈ। ਮੇਰੇ ਪਿਤਾ ਜੀ ਨੂੰ ਗੁਰਬਾਣੀ ਕੀਰਤਨ ਕਰਨ ਅਤੇ ਸੁਣਨ ਦਾ ਬਹੁਤ ਸ਼ੌਕ ਸੀ। ਮੇਰੇ ਵੱਡੇ ਭੈਣ ਜੀ ਵੀ ਕਲਾਸੀਕਲ ਸੰਗੀਤ ਦੇ ਮਾਹਿਰ ਹਨ। ਬਚਪਨ ਤੋਂ ਮੈਂ ਉਸਤਾਦ ਜ਼ਾਕਿਰ ਹੁਸੈਨ ਦੀ ਕਲਾ ਤੋਂ ਬਹੁਤ ਪ੍ਰਭਾਵਿਤ ਸੀ। ਛੇ ਸਾਲ ਦੀ ਉਮਰ ਵਿਚ ਮੈਂ ਤਬਲਾ ਵਜਾਉਣਾ ਸ਼ੁਰੂ ਕੀਤਾ। ਤਬਲੇ ਦੀ ਸ਼ੁਰੂਆਤ ਮੈਂ ਉਸਤਾਦ ਭਜਨ ਲਾਲ ਜੀ ਤੋਂ ਕੀਤੀ ਅਤੇ ਇਸ ਤੋਂ ਬਾਅਦ ਉਸਤਾਦ ਜ਼ਾਕਿਰ ਹੁਸੈਨ ਅਤੇ ਉਸਤਾਦ ਫਜ਼ਲ ਕੁਰੈਸ਼ੀ ਤੋਂ ਤਬਲੇ ਦੀ ਤਾਲੀਮ ਹਾਸਲ ਕਰ ਰਹੀ ਹਾਂ।

*ਤੁਸੀਂ ਕਿਸ ਪੱਧਰ ਤੱਕ ਤਬਲੇ ਦਾ ਪ੍ਰਦਰਸ਼ਨ ਕਰ ਚੁੱਕੇ ਹੋ ?*

- ਮੈਂ ਸਕੂਲ ਅਤੇ ਕਾਲਜ ਪੱਧਰ ਦੇ ਯੁਵਕ ਮੇਲਿਆਂ ਵਿਚ ਪਿਛਲੇ 7 ਸਾਲਾਂ ਤੋਂ ਜੇਤੂ ਰਹੀ ਹਾਂ। ਇਸ ਤੋਂ ਇਲਾਵਾ ਪੰਜਾਬ ਅਤੇ ਰਾਸ਼ਟਰੀ ਪੱਧਰ ਦੇ ਓਪਨ ਯੂਥ ਫੈਸਟੀਵਲ ਵਿਚ ਕਈ ਵਾਰ ਪਹਿਲਾ ਇਨਾਮ ਹਾਸਲ ਕਰ ਚੁੱਕੀ ਹਾਂ। ਤਬਲੇ ਵਿਚ ਇਕ ਹਜ਼ਾਰ ਦੇ ਕਰੀਬ ਲਾਈਟ ਸਟੇਜ ਪ੍ਰਦਰਸ਼ਨ ਅਤੇ ਸੌ ਦੇ ਕਰੀਬ ਸੋਲੋ ਪ੍ਰਦਰਸ਼ਨ ਕਰ ਚੁੱਕੀ ਹਾਂ। ਕਈ ਅੰਤਰਰਾਸ਼ਟਰੀ ਮੰਚਾਂ 'ਤੇ ਵੀ ਤਬਲੇ ਦਾ ਪ੍ਰਦਰਸ਼ਨ ਕਰਨ ਦਾ ਮੌਕਾ ਪ੍ਰਾਪਤ ਹੋਇਆ ਹੈ। ਇਸ ਤੋਂ ਇਲਾਵਾ ਮੈਂ ਅੰਤਰਰਾਸ਼ਟਰੀ ਪੱਧਰ ਦੀਆਂ ਤਬਲੇ ਦੀਆਂ ਤਿੰਨ ਕਾਰਜਸ਼ਾਲਾਵਾਂ ਵੀ ਲਗਾ ਚੁੱਕੀ ਹਾਂ।

*ਲੜਕੀਆਂ ਵਿਚ ਆਮ ਤੌਰ 'ਤੇ ਤਬਲੇ ਪ੍ਰਤੀ ਰੁਝਾਨ ਘੱਟ ਹੁੰਦਾ ਹੈ। ਆਪ ਜੀ ਨੇ ਇਸ ਸਾਜ਼ ਨੂੰ ਕਿਉਂ ਤੇ ਕਿਵੇਂ ਅਪਨਾਇਆ ?*

- ਘਰ ਵਿਚ ਗੁਰਮਤਿ ਸੰਗੀਤ ਅਨੁਸਾਰੀ ਮਾਹੌਲ ਹੋਣ ਕਾਰਨ ਬਚਪਨ ਤੋਂ ਹੀ ਪਿਤਾ ਜੀ ਵਲੋਂ ਤਬਲੇ ਲਈ ਪੂਰਨ ਸਹਿਯੋਗ ਹਾਸਲ ਹੋਇਆ। ਮੇਰੇ ਪਿਤਾ ਜੀ ਅਤੇ ਵੱਡੇ ਭੈਣ ਜੀ ਗੁਰਮਤਿ ਸੰਗੀਤ ਦੇ ਵਿਚ ਪ੍ਰਵੀਨ ਹਨ। ਇਸ ਤੋਂ ਇਲਾਵਾ ਕਿਸੇ ਵੀ ਸੰਗੀਤ ਪ੍ਰਦਰਸ਼ਨ ਵਿਚ ਕੁਦਰਤੀ ਤੌਰ 'ਤੇ ਹੀ ਮੇਰੇ ਅੰਦਰ ਤਬਲੇ ਲਈ ਖਿੱਚ ਮੌਜੂਦ ਸੀ ਜੋ ਕਿ ਤਬਲੇ ਦੀ ਸਿਖਲਾਈ ਦਾ ਸਬੱਬ ਬਣਿਆ । ਇਸ ਤੋਂ ਇਲਾਵਾ ਮੈਂ ਸ੍ਰੀ ਮਤੀ ਅਨੁਰਾਧਾ ਪਾਲ ਜੋ ਕਿ ਇਸਤਰੀ ਕਲਾਸੀਕਲ ਤਬਲਾ ਵਾਦਕ ਹਨ, ਦੇ ਤਬਲੇ ਤੋਂ ਵੀ ਪ੍ਰਭਾਵਿਤ ਸੀ।

*ਤਬਲੇ ਤੋਂ ਇਲਾਵਾ ਆਪ ਜੀ ਹੋਰ ਕਿਹੜੇ ਸਾਜ਼ਾਂ ਵਿਚ ਸ਼ੌਕ ਰੱਖਦੇ ਹੋ ਜੀ ?*

- ਤਬਲੇ ਤੋਂ ਇਲਾਵਾ ਮੈਂ ਹਰਮੋਨੀਅਮ, ਸਿਤਾਰ ਵਾਦਨ, ਡਰੰਮ ਸੈੱਟ ਵੀ ਵਜਾ ਲੈਂਦੀ ਹਾਂ।

*ਆਪ ਜੀ ਤਬਲੇ ਦੇ ਪਸਾਰ ਲਈ ਕੀ ਯਤਨ ਕਰ ਰਹੇ ਹੋ ?*

- ਜਲਦ ਹੀ ਤਬਲੇ ਦੀ ਮੇਰੀ ਇਕ ਸੋਲੋ ਕੈਸਟ ਰਿਲੀਜ਼ ਹੋ ਰਹੀ ਹੈ। ਇਸ ਤੋਂ ਇਲਾਵਾ ਸਿੰਘਾਪੁਰ ਵਿਖੇ ਤਬਲੇ ਦੀ ਇਕ ਕਾਰਜਸ਼ਾਲਾ ਲਗਾ ਰਹੀ ਹਾਂ, ਜਿਸ ਵਿਚ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਬੱਚਿਆਂ ਨੂੰ ਸਿਖਲਾਈ ਦਿੱਤੀ ਜਾ ਰਹੀ ਹੈ। ਤਬਲੇ ਦੀ Online ਸਿੱਖਿਆ ਅਤੇ ਜਾਣਕਾਰੀ ਲਈ ਇਕ ਵੈੱਬਸਾਈਟ ਵੀ ਲਾਂਚ ਕਰ ਰਹੀ ਹਾਂ।

*ਆਪ ਜੀ ਕਿੰਨਾ ਸਮਾਂ ਰਿਆਜ਼ ਕਰਦੇ ਹੋ ?*

- ਪੜ੍ਹਾਈ ਦੇ ਨਾਲ ਨਾਲ ਰੋਜ਼ਾਨਾ ਮੈਂ 7-8 ਘੰਟੇ ਤਬਲੇ ਦਾ ਰਿਆਜ਼ ਕਰਦੀ ਹਾਂ। ਇਕ ਲੜਕੀ ਹੋਣ ਕਾਰਨ ਪਰਿਵਾਰ ਵਿਚ ਮੇਰੀਆਂ ਹੋਰ ਜ਼ਿੰਮੇਵਾਰੀਆਂ ਵੀ ਬਣਦੀਆਂ ਹਨ ਪਰ ਮੈਨੂੰ ਆਪਣੇ ਪਰਿਵਾਰ ਵਲੋਂ ਹਰ ਵੇਲੇ ਪੂਰਨ ਸਹਿਯੋਗ ਹਾਸਲ ਹੋਇਆ ਹੈ ਤਾਂ ਹੀ ਤਬਲੇ ਦੇ ਰਿਆਜ਼ ਲਈ ਇੰਨਾ ਸਮਾਂ ਕੱਢਣਾ ਮੇਰੇ ਲਈ ਸੰਭਵ ਹੋ ਸਕਿਆ ਹੈ।

*ਤੁਸੀਂ ਆਪਣੀ ਕਾਮਯਾਬੀ ਲਈ ਸਭ ਤੋਂ ਵੱਧ ਕਿਸ ਨੂੰ ਪ੍ਰੇਰਨਾ ਸਰੋਤ ਮੰਨਦੇ ਹੋ ?*

- ਅੱਜ ਮੈਂ ਜੋ ਕੁਝ ਵੀ ਹਾਂ, ਗੁਰੂ ਸਾਹਿਬ ਦੀਆਂ ਬਖਸ਼ਿਸ਼ਾਂ ਸਦਕਾ ਹੀ ਹਾਂ। ਆਪਣੇ ਪਰਿਵਾਰ ਅਤੇ ਆਪਣੇ ਉਸਤਾਦਾਂ ਦੀਆਂ ਆਸੀਸਾਂ, ਸਹਿਯੋਗ ਅਤੇ ਆਪਣੀ ਮਿਹਨਤ ਸਦਕਾ ਮੈਨੂੰ ਇਹ ਮੁਕਾਮ ਹਾਸਲ ਹੋਇਆ ਹੈ। ਮੇਰਾ ਮੰਤਵ ਆਪਣੇ ਪ੍ਰਦਰਸ਼ਨ ਰਾਹੀਂ ਸਿੱਖੀ ਸਰੂਪ ਨੂੰ ਅੰਤਰਰਾਸ਼ਟਰੀ ਮੰਚ ਉਤੇ ਪਹਿਚਾਣ ਦਿਵਾਉਣਾ ਹੈ ਅਤੇ ਵਾਹਿਗੁਰੂ ਦੀ ਬਖਸ਼ਿਸ਼ ਸਦਕਾ ਹੀ ਮੈਂ ਇਸ ਵਿਚ ਕੁਝ ਹੱਦ ਤਕ ਸਫ਼ਲ ਵੀ ਹੋ ਸਕੀ ਹਾਂ।

*ਪੱਤ੍ਰਿਕਾ 'ਸਾਡਾ ਵਿਰਸਾ ਸਾਡਾ ਗੌਰਵ' ਵਿਚੋਂ ਧੰਨਵਾਦ ਸਹਿਤ*

# ਵਿਸ਼ਵ ਸੰਗੀਤਕਾਰ

## ਡਿਬਡਿਨ, ਚਾਰਲਸ

ਇਸ ਅੰਗਰੇਜ਼ ਨਾਟਕਕਾਰ, ਅਦਾਕਾਰ ਅਤੇ ਸੰਗੀਤਕਾਰ ਦਾ ਜਨਮ ਇੰਗਲੈਂਡ ਵਿਚ, ਸਾਊਥੈਂਪਟਨ ਵਿਖੇ ਹੋਇਆ। 4 ਮਾਰਚ, 1745 ਨੂੰ ਇਸ ਨੂੰ ਬਪਤਿਸਮਾ ਮਿਲਿਆ। ਸਮੁੰਦਰ ਬਾਰੇ ਲਿਖੀਆਂ ਆਪਣੀਆਂ ਕਵਿਤਾਵਾਂ ਅਤੇ ਓਪੇਰਿਆਂ ਕਾਰਨ 18ਵੀਂ ਸਦੀ ਦੇ ਅੰਤ ਵਿਚ ਇਹ ਸੰਗੀਤਕਾਰ ਵਜੋਂ ਬਹੁਤ ਪ੍ਰਸਿੱਧ ਹੋਇਆ। 15 ਸਾਲ ਦੀ ਉਮਰ ਵਿਚ ਇਸ ਨੇ ਲੰਡਨ ਵਿਖੇ ਇਕ ਸੰਗੀਤ-ਪ੍ਰਕਾਸ਼ਕ ਕੋਲ ਕੰਮ ਕੀਤਾ ਅਤੇ 1762 ਈ. ਵਿਚ ਇਸ ਨੇ ਆਪਣਾ ਸਟੇਜੀ ਜੀਵਨ ਸ਼ੁਰੂ ਕੀਤਾ। ਇਸ ਨੇ ਕਈ ਨਾਟਕਾਂ ਵਿਚ ਅਦਾਕਾਰੀ ਵੀ ਕੀਤੀ।

ਡਿਬਡਿਨ ਇਕ ਸਵੈ-ਸਿੱਖਿਅਕ ਸੰਗੀਤਕਾਰ ਸੀ ਅਤੇ ਇਸ ਨੇ ਤਕਰੀਬਨ 100 ਸਟੇਜੀ ਕਿਰਤਾਂ ਅਤੇ 1400 ਦੇ ਲਗਭਗ ਗੀਤ ਲਿਖੇ। ਤਕਰੀਬਨ 50 ਸਾਲ ਤੱਕ ਇਹ ਲੰਡਨ ਦੀ ਸਟੇਜ ਨਾਲ ਲੇਖਕ, ਸੰਗੀਤਕਾਰ ਅਤੇ ਨਿਰਮਾਤਾ ਵਜੋਂ ਜੁੜਿਆ ਰਿਹਾ। ਚਾਰ ਜਿਲਦਾਂ ਵਿਚ ਇਸ ਨੇ ਆਪਣੀ ਸਵੈ-ਜੀਵਨੀ 'ਪ੍ਰੋਫੈਸ਼ਨਲ ਲਾਈਫ' (1803) ਪ੍ਰਕਾਸ਼ਿਤ ਕੀਤੀ।

'ਬਲੋ ਹਾਈ ਬਲੋ ਲੋ', 'ਪੁਅਰ ਜੈਕ' ਅਤੇ 'ਟੂ ਬੈਚਲਰਜ਼ ਹਾਲ' ਆਦਿ ਇਸ ਦੇ ਕੁਝ ਪ੍ਰਸਿੱਧ ਗੀਤ ਹਨ। 'ਦੀ ਸ਼ੈਪਰਡਜ਼ ਅਫਰੀਕਾ' (1764), 'ਦੀ ਵਾਟਰਮੈਨ' (1774) ਅਤੇ 'ਦੀ ਕਵੇਕਰ' (1775) ਆਦਿ ਇਸ ਦੇ ਓਪੇਰੇ ਅਤੇ 'ਦੀ ਯੰਗਰ ਬ੍ਰਦਰ' (1793) ਤੇ 'ਹੰਨਾ ਹਿਊਇਟ' (1796) ਦੋ ਨਾਵਲ ਹਨ। ਇਸ ਤੋਂ ਇਲਾਵਾ ਡਿਬਡਿਨ ਨੇ 5 ਜਿਲਦਾਂ ਵਿਚ 'ਹਿਸਟਰੀ ਆਫ ਦੀ ਸਟੇਜ' (1800) ਵੀ ਲਿਖੀ। 25 ਜੁਲਾਈ, 1814 ਨੂੰ ਲੰਡਨ ਵਿਖੇ ਇਸਦੀ ਮੌਤ ਹੋ ਗਈ।

## ਡੀਰਿੰਗ, ਰਿਚਰਡ

ਇਸ ਅੰਗਰੇਜ਼ ਆਰੱਗਨਵਾਦਕ ਅਤੇ ਸੰਗੀਤਕਾਰ ਦਾ ਜਨਮ 1580 ਈ. ਵਿਚ ਕੈਂਟ ਵਿਖੇ ਹੋਇਆ। ਇਹ ਵਧੇਰੇ ਕਰਕੇ ਆਪਣੇ ਸੁਰ ਸੰਗੀਤ ਕਾਰਨ ਬਹੁਤ ਪ੍ਰਸਿੱਧ ਹੋਇਆ। ਸੰਨ 1619 ਵਿਚ ਇਸ ਨੇ ਆੱਕਸਫੋਰਡ ਤੋਂ ਸੰਗੀਤ ਦੀ ਡਿਗਰੀ ਲਈ ਅਤੇ 1612 ਈ. ਵਿਚ ਇਟਲੀ ਦਾ ਦੌਰਾ ਕੀਤਾ, ਸੰਨ 1617 ਵਿਚ ਇਹ ਬ੍ਰਸਲਜ਼ ਦੇ ਇਕ ਕਾਨਵੈਂਟ ਦਾ ਆੱਰਗਨਵਾਦਕ ਨਿਯੁਕਤ ਹੋਇਆ। ਇਹ ਚਾਰਲਸ ਪਹਿਲੇ ਦਾ ਵੀਣਾ-ਵਾਦਕ ਅਤੇ ਗਾਇਕ ਵੀ ਰਿਹਾ ਸੀ। ਇਸਦਾ ਸੰਗੀਤ ਇਸਦੀ ਮੌਤ ਤੋਂ ਬਾਅਦ ਤੱਕ ਲੋਕਪ੍ਰਿਯ ਰਿਹਾ। ਇਸਦੀਆਂ ਕ੍ਰਿਤਾਂ ਵਿਚ ਭਜਨ, ਸਾਜ਼-ਸੰਗੀਤ, ਪ੍ਰੀਤ-ਗੀਤ ਅਤੇ ਚਰਚ ਸੰਗੀਤ ਆਦਿ ਸ਼ਾਮਲ ਹਨ। 22 ਮਾਰਚ, 1630 ਨੂੰ ਇਸ ਨੂੰ ਲੰਡਨ ਵਿਖੇ ਦਫਨਾਇਆ ਗਿਆ।

## ਡੀਲੀਅਸ, ਫ੍ਰੈਡਰਿਕ

ਇਸ ਬਰਤਾਨਵੀ ਸੰਗੀਤਕਾਰ ਦਾ ਜਨਮ 29 ਜਨਵਰੀ, 1862 ਨੂੰ ਯਾਰਕਸ਼ਿਰ ਚਿ ਬ੍ਰੈਡਫੋਰਡ ਵਿਖੇ ਹੋਇਆ। ਲੰਡਨ ਤੋਂ ਵਿੱਦਿਆ ਪ੍ਰਾਪਤ ਕਰਨ ਮਗਰੋਂ ਕੁਝ ਸਮੇਂ ਲਈ ਇਹ ਆਪਣੇ ਪਿਤਾ ਦੀ ਫਰਮ ਵਿਚ ਕੰਮ ਕਰਦਾ ਰਿਹਾ। ਸੰਨ 1884 ਵਿਚ ਇਹ ਫਲੋਰਿਡਾ ਚਲਾ ਗਿਆ। ਸੰਗਤਰਿਆਂ ਦੇ ਬਾਗ ਵਿਚ ਕੰਮ ਕਰਨ ਦੇ ਨਾਲ ਨਾਲ ਆਪਣਾ ਵਾਧੂ ਸਮਾਂ ਇਸਨੇ ਸੰਗੀਤ ਸਿੱਖਣ ਵਿਚ ਲਗਾਇਆ। ਸੰਨ 1886 ਵਿਚ ਇਹ ਲਾਈਪਸਿਕ ਚਲਾ ਗਿਆ ਅਤੇ ਉਥੇ ਇਸ ਸੰਗੀਤ ਵਿਦਿਆਲੇ ਵਿਚ ਸ਼ਾਮਲ ਹੋ ਗਿਆ। ਇਸ ਸਮੇਂ ਦੌਰਾਨ ਫਿਰ ਇਹ ਪੈਰਿਸ ਵਿਚ ਜਾ ਕੇ ਰਹਿਣ ਲੱਗ ਪਿਆ ਅਤੇ 1901 ਵਿਚ ਚਿੱਤਰਕਾਰ ਜੈਲਕਾ ਰੋਜ਼ਨ ਨਾਲ ਵਿਆਹ ਕਰਵਾਉਣ ਤੋਂ ਬਾਅਦ ਇਹ ਗੈਰਜ਼-ਸੁਰ-ਲੋਇੰਗ ਵਿਖੇ ਵੱਸ ਗਿਆ। ਇਸ ਦੇ ਗੀਤਾਂ, ਓਪੇਰਿਆਂ ਅਤੇ ਆਰਕੈਸਟਰਾ ਸੰਗੀਤ ਨੂੰ ਵਿਸ਼ੇਸ਼ ਕਰਕੇ ਜਰਮਨੀ ਵਿਚ ਬੜਾ ਪਸੰਦ ਕੀਤਾ ਗਿਆ। 60 ਸਾਲ ਦੀ ਉਮਰ ਮਗਰੋਂ ਇਸ ਨੂੰ ਅਧਰੰਗ ਹੋ ਗਿਆ ਅਤੇ ਅੰਤ ਵਿਚ ਇਸ ਦੀਆਂ ਅੱਖਾਂ ਦੀ ਰੌਸ਼ਨੀ ਖਤਮ ਹੋ ਗਈ। ਫਿਰ ਵੀ ਇਸ ਨੇ ਲਿਖੇਰੇ ਐਰਿਕ ਫੈਨਬਾਈ ਦੀ ਸਹਾਇਤਾ ਨਾਲ ਸੰਗੀਤ ਰਚਨਾ ਜਾਰੀ ਰੱਖੀ। ਸੰਨ 1929 ਵਿਚ ਇਸ ਨੂੰ ਕੰਪੈਨੀਅਨ ਆਫ਼ ਆਨਰ ਦੀ ਉਪਾਧੀ ਨਾਲ ਸਨਮਾਨਿਆ ਗਿਆ।

ਇਸ ਦੇ ਸੰਗੀਤ-ਨਾਟ ਅਤੇ ਹੋਰ ਸੰਗੀਤ ਰਚਨਾਵਾਂ ਅਜੇ ਵੀ ਪੇਸ਼ ਕੀਤੀਆਂ ਜਾਂਦੀਆਂ ਹਨ। ਇਨ੍ਹਾਂ ਵਿਚ 'ਓਵਰ ਦੀ ਹਿਲਜ਼ ਐਂਡ ਫਾਰ ਅਵੇ' (1895) ਆਰਕੈਸਟਰਾਂ ਲਈ 'ਡਾਨਸ ਰੈਪਸੋਡੀਜ਼' (1908, 1916) ਅਤੇ 'ਸਮਰ ਨਾਈਟ ਆੱਨ ਦੀ ਰਿਵਰ' (1912) ਸ਼ਾਮਲ ਹਨ। 10 ਜੂਨ, 1934 ਨੂੰ ਫਰਾਂਸ ਵਿਚ ਗੈਰਜ਼-ਸਰ-ਲੋਇੰਗ ਵਿਖੇ ਇਸ ਦੀ ਮੌਤ ਹੋ ਗਈ।

---

*'ਪੰਜਾਬੀ ਵਿਸ਼ਵਕੋਸ਼' ਤੋਂ ਧੰਨਵਾਦ ਸਹਿਤ*

# A Talent for Gurbani

Sarbani Sen

Priya Tiwari, 12, Annie Roy, 15, and Mithu Roy Choudhary, 35, are all practicing for a talent hunt show. They sit demurely, their heads covered with a dupatta. This is no ordinary contest. It's the Gurmat Sangeet Competition and the contenders sing the Gurbani, the holy verses of Guru Granth Sahib. What's more interesting is that all the above competitors are non-Sikh.

The competition, whose final will be in December, is organized by The Sikh Heritage International (TSH), Which held the preliminary round on September 24. The idea behind the competition is to create awareness about Shri Guru Granth Sahibji. "To draw the young crowd, you have to think of innovative ways. At the initial stage, we thought of music, which attracts all," says Satnam S. Ahluwalia, Chairman, TSHI. Along with Sikh participants, there was huge response from non-Sikh communities too.

The Guru Granth Sahib includes 5,894 shabads (hymns and holy verses) arranged in 31 ragas. All participants were asked to sing one raga.

"My passion for singing Gurbani made me participate," says Annie, a student of class nine, Khalsa Senior Secondary School, Dunlop. "After school, I requested my music teacher to teach me different shabads," She adds. Mithu, who teaches commerce at Khalsa English high School, Bhawanipur says, "I simply love singing shabads in the evenings. Though I have no professional training in music, I frequently visit Gurdwaras. I can even read Gurmukhi." Hindustani Classical teacher Ratan Roy, 60 is slightly nervous about the contest, "I cut a Gurbani album in 1991. I never got huge support from my family but continued singing and plan to do in future too," says Roy.

Out of 200 candidates, 35 were selected for the second round, which begins in December. Those associated with the projects include music composer Uttam Singh, ghazal singer Ashok Khosla and Dr. Gurnam Singh, head of Gurmat Sangeet Chair, Punjabi University, Patiala.

The finalists will perform in Five Takhts, along with a live show at Calcutta Maidan during Guru Gobind Singh's birth anniversary on January 5, 2007.

*Courtesy : Hindustan Times*

# Gurbani Music at Centennial of Fifth Guru

## Dr. Mohinder Singh

TO MARK THE QUADCENTENARY of the martyrdom of Guru Arjun Dev Ji, Bhai Vir Singh Sahitya Sadan, a premier literary and cultural organization in the Indian capital, arranged a unique function of devotional kirtan wherein prominent Ragi Jathas sang Shabad-Kirtan based exclusively on Rag Assa from Sri Guru Granth Sahibji.

Bhai Balbir Singh, Hazoori Ragi of Amritsar (who has sung over 3,000 Shabads and has, in his repertoire, 250 Ragas), enthralled the audience by singing two Shabads on Rag Asa. The octogenarian, Bibi Jaswant Kaur, perhaps the only living Ragi with real mastery over Rababi tradition, captivated the audience with her musical rendering of the Shabads from Gurbani. Ustad Abdul Aziz Khan, grandnephew of legendary Bade Ghulam Ali Khan of Patiala Gharana, also rendered three Shabads from Gurbani based on Rag Asa. Dr.(Ms.) Gurinder Harnam Singh, through her musical rendition of Shabads from Guru Granth Sahib, displayed a profound understanding of musical tradition of the Sikhs and knowledge of Gurbani. Bhai Baljeet Singh Namdhari and his companions made good use of Dilruba and a clutch of other traditional instruments. An interesting feature of the programme was the rendition of Shabads through traditional instruments by the students of Akal Academy, Baru Sahib.

Earlier, while welcoming the guests, Dr. Jaswant Singh Neki, (Hony. General Secretary of the Sadan) explained the importance of Rag Asa in the Sikh tradition. Highlighting the importance of Rag Asa in the Sikh tradition, he mentioned that Rag Asa is more relevant to the Sikh congregational singing than any other Rag. The morning service in the Sikh tradition starts with Asa di Var, which is a daily reminder of the moral values, beliefs and codes of conduct central to the Sikh way of life. He also emphasized that the programme was being arranged to pay tribute to guru Arjun Dev, who compiled the Adi Granth and introduced the tradition of singing of Gurbani.

Dr. Amrik Singh (officiating President of the Sadan) and Maj. Gen. Joginder Singh, Vice-President honoured Mrs. Gursharan Kaur, Mahant Kahan Singh Sewapanthi, Baba Iqbal Singh from Baru Sahib and S. Harvinder Singh Sarna, President, DSGMC by presenting them Sadan's publications and saropas.

The function was organized in

association with the Department of Culture, Government of India and Delhi Sikh Gurdwara Management Committee. A Souvenir based on Rag Asa and a pictorial book on Guru Arjun Dev: Life, Martyrdom and Legacy, jointly edited by Prof. P.S.Kapur and Dr. Mohinder Singh were also released by Mrs. Gursharan Kaur, wife of the Prime Minister of India. Prominent citizens of the capital including S. Tarlochan Singh, M.P., members of the faculty from Delhi University, visiting Fulbright scholars from United States and Principals of various colleges attended the function.

*Courtesy : 'The Sikh Review'*

# ਸੁਰ ਲਿਪੀ

ਹਰਦੀਪ ਕੌਰ

## *ਰਾਗੁ ਬਿਹਾਗੜਾ*

ਰਾਗ ਵਿਹਾਗੜਾ ਬਿਲਾਵਲ ਥਾਟ ਦਾ ਪ੍ਰਾਚੀਨ ਰਾਗ ਹੈ ਜੋ ਰਾਗ ਬਿਹਾਗ ਵਿਚ ਕੋਮਲ ਨਿਸ਼ਾਦ ਲਾਉਣ ਤੇ ਬਣਦਾ ਹੈ॥ ਪੰਜਾਬ ਵਿਚ ਗਾਏ ਜਾਣ ਵਾਲੇ ਇਸ ਰਾਗ ਵਿਚ ਦੋ ਨਿਸ਼ਾਦ ਲੱਗਦੇ ਹਨ, ਗੰਧਾਰ ਵਾਦੀ ਅਤੇ ਕੋਮਲ ਨਿਸ਼ਾਦ ਸੰਵਾਦੀ ਹੈ। ਮੱਧਮ ਮਹੱਤਵਪੂਰਨ ਸੁਰ ਹੈ। ਆਰੋਹ ਵਿਚ ਰਿਸ਼ਭ ਅਤੇ ਧੈਵਤ ਵਰਜਿਤ ਹਨ। ਅਵਰੋਹ ਵਿਚ ਸੱਤ ਸੁਰ ਲੱਗਣ ਕਾਰਨ ਜਾਤੀ ਔੜਵ ਸੰਪੂਰਣ ਹੈ। ਇਹ ਪੂਰਵਾਂਗ ਵਾਦੀ ਰਾਗ ਹੈ ਜੋ ਰਾਤ ਦੇ ਦੂਸਰੇ ਪਹਿਰੇ ਗਾਇਆ ਜਾਂਦਾ ਹੈ। ਇਸ ਰਾਗ ਵਿਚ ਸ਼ਿੰਗਾਰ ਰਸ ਪ੍ਰਧਾਨ ਹੈ। ਇਹ ਵੀ ਮੰਨਿਆ ਜਾਂਦਾ ਹੈ ਕਿ ਇਹ ਬਿਹਾਗੜਾ ਖਮਾਜ ਅਤੇ ਬਿਹਾਗ ਦੇ ਸੁਮੇਲ ਤੋਂ ਬਣਿਆ ਹੈ। ਰਾਗ ਬਿਹਾਗ ਦੇ ਨਿਯਮ ਪਰਿਵਰਤਨ ਕਰਕੇ ਖਮਾਜ ਅਤੇ ਬਿਹਾਗ ਦੇ ਸੁਮੇਲ ਤੋਂ ਬਣਿਆ ਹੈ। ਰਾਗ ਬਿਹਾਗ ਦੇ ਨਿਯਮ ਪਰਿਵਰਤਨ ਕਰਕੇ ਖਮਾਜ ਦੀ ਹੇਠ ਲਿਖੀ ਸੁਰ ਸੰਗਤੀ ਦੇ ਪ੍ਰਯੋਗ ਨਾਲ ਬਿਹਾਗੜਾ ਬਣਦਾ ਹੈ ਜਿਵੇਂ:

'ਗ ਮ ਪ ਧ ਨੁ ਨੁ ਧ ਪ'

ਥਾਟ - ਬਿਲਾਵਲ (ਦੋਨੋਂ 'ਨ') ਜਾਤੀ - ਔੜਵ-ਸੰਪੂਰਨ (ਆਰੋਹ ਵਿਚ 'ਰ' 'ਧ' ਵਰਜਿਤ)

ਸਮਾਂ - ਰਾਤ ਦਾ ਦੂਜਾ ਪਹਿਰ ਵਾਦੀ - ਗ ਸੰਵਾਦੀ - ਨੁ

ਆਰੋਹ - ਨ਼ ਸ ਗ, ਮ ਪ ਨ, ਸਂ। ਅਵਰੋਹ - ਸਂ ਨ, ਧਪ, ਧ ਨੁ ਧ, ਪ ਮ ਗ, ਰ ਸ।

ਮੁੱਖ ਅੰਗ - ਸਗ, ਮਪ, ਧਨੁ ਧ ਪ, ਧ ਗ ਮ ਗ-ਸ।

ਤਾਲ ਰੂਪਕ

| 1 | 2 | 3 | 4 | 5 | 6 | 7 | 1 | 2 | 3 | 4 | 5 | 6 | 7 |
|---|---|---|---|---|---|---|---|---|---|---|---|---|---|
| X | | | 2 | | 3 | | X | | | 2 | | 3 | |
| ਸਥਾਈ | | | | | | | | | | | | | |
| ਨੁ | ਨੁ | ਨੁ | ਧ | ਧ | ਪ | ਪ | ਗ | ਗ | ਮ | ਗ | ਰ | ਸ | ਸ |
| *ਹ* | *ਰਿ* | *ਕੀ* | *ਗ* | *ਤਿ* | *ਨ* | *ਹਿ* | *ਕੋ* | *ऽ* | *ਊ* | *ਜਾ* | *ऽ* | *ਨੈ* | *ऽ* |
| N̲ | N̲ | N̲ | D | D | P | P | G | G | M | G | R | S | S |
| ***HA*** | ***R*** | ***KEE*** | ***GA*** | ***T*** | ***NE*** | ***H*** | ***KO*** | - | ***OO*** | ***JAA*** | - | ***NAI*** | - |
| ਪ਼ | ਪ਼ | ਪ਼ | ਨ਼ | ਨ਼ | ਸ | ਸ | ਗ | ਗ | ਮ | ਗਰ | ਗਰ | ਸ | ਸ |
| *ਜੋ* | *ऽ* | *ਗੀ* | *ਜ* | *ऽ* | *ਤੀ* | *ਤ* | *ਪੀ* | *ऽ* | *ਪਚਿ* | *ਹਾ* | *ऽऽ* | *ਰੇ* | *ऽ* |
| P̣ | P̣ | P̣ | Ṇ | Ṇ | S | S | G | G | M | GR | GR | S | S |
| ***JO*** | - | ***GEE*** | ***JA*** | - | ***TEE*** | ***TA*** | ***PEE*** | - | ***PACH*** | ***HAA*** | -- | ***RAY*** | - |

| 1 | 2 | 3 | 4 | 5 | 6 | 7 | 1 | 2 | 3 | 4 | 5 | 6 | 7 |
|---|---|---|---|---|---|---|---|---|---|---|---|---|---|
| **X** | | | **2** | | **3** | | **X** | | | **2** | | **3** | |
| ਮ | ਗ | ਮ | ਪ | ਪ | ਨ | ਨ | ਸਂ | ਸਂ | ਰਂ | ਸਂ | ਨ | ਧ | ਪ |
| *ਅ* | *ਰੁ* | *ਬਹੁ* | *ਲੋ* | *ऽ* | *ਗ* | *ਸਿ* | *ਆ* | *ऽ* | *ऽ* | *ਨੇ* | *ऽ* | *ऽ* | *ऽ* |
| M | G | M | P | P | N | N | Ṡ | Ṡ | Ṙ | Ṡ | N | D | P |
| *A* | *R* | *BAHO* | *LO* | - | *G* | *SI* | *AA* | - | - | *NAY* | - | - | - |

ਅੰਤਰਾ

| | | | | | | | | | | | | | |
|---|---|---|---|---|---|---|---|---|---|---|---|---|---|
| ਗ | ਗ | ਮ | ਪ | ਪ | ਨ | ਨ | ਸਂ | ਸਂ | ਸਂ | ਨ | ਨ | ਸਂ | ਸਂ |
| *ਛਿ* | *ਨ* | *ਮਹਿ* | *ਰਾ* | *ऽ* | *ਉ* | *ਰੰ* | *ऽ* | *ਕ* | *ਕਉ* | *ਕ* | *ਰ* | *ਈ* | *ऽ* |
| G | G | M | P | P | N | N | Ṡ | Ṡ | Ṡ | N | N | Ṡ | Ṡ |
| *CHHI* | *N* | *MEH* | *RAA* | - | *O* | *RAN* | - | *K* | *KAO* | *KA* | *R* | *EE* | - |
| ਗਂ | ਗਂ | ਮਂ | ਗਂ | ਸਂ | ਸਂ | ਸਂ | ਨ | ਨ | ਸਂ | ਨ | ਨ | ਧ | ਪ |
| *ਰਾ* | *ऽ* | *ਉ* | *ਰੰ* | *ਕ* | *ਕ* | *ਰਿ* | *ਡਾ* | *ऽ* | *ऽ* | *ਰੇ* | *ऽ* | *ऽ* | *ऽ* |
| Ġ | Ġ | Ṁ | Ġ | Ṡ | Ṡ | Ṡ | N | N | Ṡ | N | N | D | P |
| *RAA* | - | *O* | *RAN* | *K* | *KA* | *R* | *DAA* | - | - | *RAY* | - | - | - |

# ਸੁਰ-ਲਿਪੀ ਵਾਲੇ ਸ਼ਬਦ ਦੇ ਅਰਥ

ਹਰਦੀਪ ਕੌਰ

ੴ ਸਤਿਗੁਰ ਪ੍ਰਸਾਦਿ ॥
ਰਾਗੁ ਬਿਹਾਗੜਾ ਮਹਲਾ ੯ ॥

Ik Onkaar Satgur Parsaad.
Raag Bihaagarhaa Mehalaa 9

ਹਰਿ ਕੀ ਗਤਿ ਨਹਿ ਕੋਊ ਜਾਨੈ ॥
ਜੋਗੀ ਜਤੀ ਤਪੀ ਪਚਿ ਹਾਰੇ
ਅਰੁ ਬਹੁ ਲੋਗ ਸਿਆਨੇ ॥੧॥
ਰਹਾਉ ॥

No one knows the state of the Lord. The Yogis, the celibates, the penitents, and all sorts of clever people have failed . ||1|| Pause||

ਹੇ ਭਾਈ! ਅਨੇਕਾਂ ਜੋਗੀ, ਅਨੇਕਾਂ ਤਪੀ, ਅਤੇ ਹੋਰ ਬਥੇਰੇ ਸਿਆਣੇ ਮਨੁੱਖ ਖਪ ਖਪ ਕੇ ਹਾਰ ਗਏ ਹਨ, ਪਰ ਕੋਈ ਭੀ ਮਨੁੱਖ ਇਹ ਨਹੀਂ ਜਾਣ ਸਕਦਾ ਕਿ ਪਰਮਾਤਮਾ ਕਿਹੋ ਜਿਹਾ ਹੈ। ਰਹਾਉ।

ਛਿਨ ਮਹਿ ਰਾਉ ਰੰਕ ਕਉ ਕਰਈ
ਰਾਉ ਰੰਕ ਕਰਿ ਡਾਰੇ ॥
ਰੀਤੇ ਭਰੇ ਭਰੇ ਸਖਨਾਵੈ
ਯਹ ਤਾ ਕੋ ਬਿਵਹਾਰੇ ॥੧॥

In an instant, He changes the beggar into a king, and the king into a beggar. He fills what is empty, and empties what is full-such are His ways. ||1||

ਹੇ ਭਾਈ! ਉਹ ਪਰਮਾਤਮਾ ਇਕ ਛਿਨ ਵਿਚ ਕੰਗਾਲ ਨੂੰ ਰਾਜਾ ਬਣਾ ਦੇਂਦਾ ਹੈ ਤੇ ਰਾਜੇ ਨੂੰ ਕੰਗਾਲ ਕਰ ਦੇਂਦਾ ਹੈ, ਖਾਲੀ ਭਾਂਡਿਆਂ ਨੂੰ ਭਰ ਦੇਂਦਾ ਹੈ ਤੇ ਭਰਿਆਂ ਨੂੰ ਖਾਲੀ ਕਰ ਦੇਂਦਾ ਹੈ (ਗਰੀਬਾਂ ਨੂੰ ਅਮੀਰ ਤੇ ਅਮੀਰਾਂ ਨੂੰ ਗਰੀਬ ਬਣਾ ਦੇਂਦਾ ਹੈ).. ਇਹ ਉਸ ਦਾ ਨਿੱਤ ਦਾ ਕੰਮ ਹੈ।੧।

ਅਪਨੀ ਮਾਇਆ ਆਪਿ ਪਸਾਰੀ
ਆਪਹਿ ਦੇਖਨਹਾਰਾ ॥
ਨਾਨਾ ਰੂਪੁ ਧਰੇ ਬਹੁ ਰੰਗੀ
ਸਭ ਤੇ ਰਹੇ ਨਿਆਰਾ ॥੨॥

He Himself spread out the expanse of His Maya, and He Himself beholds it. He assumes so many forms, and plays so many games, and yet, He remains detached from it all. ||2||

(ਏ ਭਾਈ! ਇਸ ਦਿੱਸਦੇ ਜਗਤ ਰੂਪ ਤਮਾਸ਼ੇ ਵਿਚ) ਪਰਮਾਤਮਾ ਨੇ ਆਪਣੀ ਮਾਇਆ ਆਪ ਖਿਲਾਰੀ ਹੋਈ ਹੈ, ਉਹ ਆਪ ਹੀ ਇਸ ਦੀ ਸੰਭਾਲ ਕਰ ਰਿਹਾ ਹੈ। ਉਹ ਅਨੇਕਾਂ ਰੰਗਾਂ ਦਾ ਮਾਲਕ ਪ੍ਰਭੂ ਕਈ ਤਰ੍ਹਾਂ ਦੇ ਰੂਪ ਧਾਰ ਲੈਂਦਾ ਹੈ, ਤੇ ਸਾਰਿਆਂ ਰੂਪਾਂ ਤੋਂ ਵੱਖਰਾ ਭੀ ਰਹਿੰਦਾ ਹੈ੨।

ਅਗਨਤ ਅਪਾਰੁ ਅਲਖ ਨਿਰੰਜਨ
ਜਿਹ ਸਭ ਜਗੁ ਭਰਮਾਇਓ ॥
ਸਗਲ ਭਰਮ ਤਜਿ ਨਾਨਕ ਪ੍ਰਾਣੀ
ਚਰਨਿ ਤਾਹਿ ਚਿਤੁ ਲਾਇਓ ॥੩॥੧॥੨॥ (ਪੰਨਾ ੫੩੭)

Incalculable, infinite, incomprehensible and immaculate is He, who has misled the entire world. Cast off all your doubts; prays Nanak, O mortal, focus your consciousness on His Feet. ||3||1||2||

ਹੇ ਭਾਈ! ਉਸ ਪਰਮਾਤਮਾ ਦੇ ਗੁਣ ਗਿਣੇ ਨਹੀਂ ਜਾ ਸਕਦੇ, ਉਹ ਬੇਅੰਤ ਹੈ, ਉਹ ਅਦ੍ਰਿਸ਼ਟ ਹੈ, ਉਹ ਨਿਰਲੇਪ ਹੈ, ਉਸ ਪਰਮਾਤਮਾ ਨੇ ਹੀ ਸਾਰੇ ਜਗਤ ਨੂੰ (ਮਾਇਆ ਦੀ) ਭਟਕਣਾ ਵਿਚ ਪਾਇਆ ਹੋਇਆ ਹੈ। ਹੇ ਨਾਨਕ! (ਆਖ...) ਜਿਸ ਮਨੁੱਖ ਨੇ ਉਸ ਦੇ ਚਰਨਾਂ ਵਿਚ ਮਨ ਜੋੜਿਆ ਹੈ, ਇਹ ਮਾਇਆ ਦੀਆਂ ਸਾਰੀਆਂ ਭਟਕਣਾਂ ਤਿਆਗ ਕੇ ਹੀ ਜੋੜਿਆ ਹੈ। ੩।੧।੨।